ਰੋਜ਼ਾਨਾ ਲੋਕ ਬਾਣੀ
ਨੂੰ ਪੱਤਰਕਾਰਾਂ ਦੀ ਲੋੜ
99155-94111

ਸੱਚ ਤੇ ਨਿਡਰ ਆਵਾਜ਼

ਰੋਜ਼ਾਨਾ

# ਲੋਕ ਬਾਣੀ

DAILY LOKBANI JALANDHAR
ਮੁੱਖ ਸੰਪਾਦਕ : ਅਮਨਦੀਪ ਮਹਿਰਾ

ਸ਼ਨੀਵਾਰ, 26 ਅਕਤੂਬਰ 2024
Email:- lokbani08@gmail.com




R. N. I. Punpun/29016/2008 * ਸਾਲ 16 , * ਅੰਕ : 137, * ਮੁੱਲ : 6 ਰੁਪਏ * ਕੁੱਲ ਪੇਜ: 10 * ਦਫ਼ਤਰ : 0181-2211009 * M : 99155-94111




## ਗਾਜ਼ਾ ਦੇ ਸਕੂਲ ਵਿੱਚ ਹੋਇਆ ਹਮਲਾ 17 ਦੀ ਹੋਈ ਮੌਤ

**ਦੀਰ ਅਲ-ਬਲਾਹ, ਲੋਕ ਬਾਣੀ** -ਗਾਜ਼ਾ ਪੱਟੀ ਦੇ ਇਕ ਸਕੂਲ 'ਚ ਪਨਾਹ ਲੈ ਕੇ ਬੈਠੇ ਹੋਏ ਲੋਕਾਂ 'ਤੇ ਇਜ਼ਰਾਈਲ ਵੱਲੋਂ ਕੀਤੇ ਗਏ ਹਮਲੇ 'ਚ 17 ਫਲਸਤੀਨੀਆਂ ਦੀ ਮੌਤ ਹੋ ਗਈ। ਅਵਦਾ ਹਸਪਤਾਲ ਮੁਤਾਬਕ ਨੁਸਰਤ ਸ਼ਰਨਾਰਥੀ ਕੈਂਪ 'ਤੇ ਹੋਏ ਇਕ ਹੋਰ ਹਮਲੇ 'ਚ 32 ਵਿਅਕਤੀ ਜ਼ਖ਼ਮੀ ਹੋ ਗਏ। ਇਜ਼ਰਾਈਲ ਨੇ ਪਿਛਲੇ ਕੁਝ ਮਹੀਨਿਆਂ 'ਤੇ ਸਕੂਲਾਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕੀਤਾ ਹੋਇਆ ਹੈ ਜਿਥੇ ਫਲਸਤੀਨੀਆਂ ਨੇ ਪਨਾਹ ਲਈ ਹੋਈ ਹੈ। ਇਜ਼ਰਾਇਲੀ ਫੌਜ ਮੁਤਾਬਕ ਉਹ ਹਮਾਸ ਦਹਿਸ਼ਤਗਰਦਾਂ ਨੂੰ ਨਿਸ਼ਾਨਾ ਬਣਾ ਰਹੇ ਹਨ ਜੋ ਆਮ ਲੋਕਾਂ 'ਚ ਛਿਪੇ ਹੁੰਦੇ ਹਨ। ਹਮਲਿਆਂ 'ਚ ਜ਼ਿਆਦਾਤਰ ਔਰਤਾਂ ਅਤੇ ਬੱਚਿਆਂ ਦੀ ਮੌਤ ਹੋ ਰਹੀ ਹੈ। ਇਹ ਹਮਲਾ ਉਦੋਂ ਹੋਇਆ ਹੈ ਜਦੋਂ ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਕਿਹਾ ਕਿ ਗੋਲੀਬੰਦੀ ਅਤੇ ਦਰਜਨਾਂ ਇਜ਼ਰਾਇਲੀ ਬੰਧਕਾਂ ਦੀ ਰਿਹਾਈ ਲਈ ਗੱਲਬਾਤ ਆਉਂਦੇ ਦਿਨਾਂ 'ਚ ਸ਼ੁਰੂ ਹੋਵੇਗੀ।



## ਭਾਰਤੀ ਸਟੋਕ ਬਾਜ਼ਾਰ ਇਕ ਫਿਸਦੀ ਡਿੱਗਿਆ

**ਮੁੰਬਈ, ਲੋਕ ਬਾਣੀ**- ਲਗਾਤਾਰ ਪੰਜਵੇਂ ਸੈਸ਼ਨ 'ਚ ਗਿਰਾਵਟ ਦੇ ਨਾਲ ਵਿਆਪਕ ਵਿਕਰੀ ਕਾਰਨ ਇਕੁਇਟੀ ਬੈਂਚਮਾਰਕ ਸੈਂਸੈਕਸ ਸ਼ੁੱਕਰਵਾਰ ਨੂੰ ਲਗਭਗ 660 ਅੰਕ ਡਿੱਗ ਕੇ 80,000 ਦੇ ਪੱਧਰ ਤੋਂ ਹੇਠਾਂ ਆ ਗਿਆ। ਬੀਐੱਸਈ ਦਾ ਸੈਂਸੈਕਸ 662.87 ਅੰਕ ਜਾਂ 0.83 ਫੀਸਦੀ ਡਿੱਗ ਕੇ 79,402.29 'ਤੇ ਬੰਦ ਹੋਇਆ। ਦਿਨ ਦੌਰਾਨ ਇਹ 927.18 ਅੰਕ ਜਾਂ 1.15 ਫੀਸਦੀ ਡਿੱਗ ਕੇ 79,137.98 'ਤੇ ਆ ਗਿਆ ਸੀ। ਐੱਨਐੱਸਈ ਨਿਫ਼ਟੀ 218.60 ਅੰਕ ਜਾਂ 0.90 ਫੀਸਦੀ ਡਿੱਗ ਕੇ 24,180.80 'ਤੇ ਬੰਦ ਹੋਇਆ। 30 ਸੈਂਸੈਕਸ ਪੈਕ ਤੋਂ ਇੰਡਸਇੰਡ ਬੈਂਕ 18.50 ਪ੍ਰਤੀਸ਼ਤ ਤੋਂ ਵੱਧ ਡਿੱਗ ਗਿਆ, ਫਰਮ ਨੇ ਸਤੰਬਰ ਤਿਮਾਹੀ ਵਿੱਚ ਸ਼ੁੱਧ ਲਾਭ 1,331 ਕਰੋੜ ਰੁਪਏ ਵਿੱਚ 40 ਪ੍ਰਤੀਸ਼ਤ ਦੀ ਗਿਰਾਵਟ ਦਰਜ ਕੀਤੀ।
ਐਕਸਚੇਂਜ ਦੇ ਅੰਕੜਿਆਂ ਅਨੁਸਾਰ ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ (FIIs) ਨੇ ਵੀਰਵਾਰ ਨੂੰ 5,062.45 ਕਰੋੜ ਰੁਪਏ ਦੇ ਸ਼ੇਅਰਾਂ ਦੀ ਖਰੀਦ ਕੀਤੀ, ਜਦੋਂ ਕਿ ਘਰੇਲੂ ਸੰਸਥਾਗਤ ਨਿਵੇਸ਼ਕਾਂ (DIIs) ਨੇ 3,620.47 ਕਰੋੜ ਰੁਪਏ ਦੇ ਸ਼ੇਅਰ ਖਰੀਦੇ।







## ਪੁਲਿਸ ਨੇ ਲਾਂਰੈਸ ਦੇ 7 ਸ਼ੂਟਰ ਕੀਤੇ ਗ੍ਰਿਫ਼ਤਾਰ

**ਦਿੱਲੀ ਲੋਕ ਬਾਣੀ** -ਦਿੱਲੀ ਪੁਲੀਸ ਦੇ ਸਪੈਸ਼ਲ ਸੈੱਲ ਨੇ ਲਾਰੈਂਸ ਗਰੋਹ ਦੇ ਸੱਤ ਸ਼ੂਟਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਵਿਚੋਂ ਇਕ ਜਣੇ ਨੂੰ ਲੁਧਿਆਣਾ ਤੋਂ ਕਾਬੂ ਕੀਤਾ ਗਿਆ ਹੈ ਜਿਸ ਦੀ ਪਛਾਣ ਸੁਜੀਤ ਕੁਮਾਰ ਉਰਫ ਬੱਬੂ ਵਜੋਂ ਹੋਈ ਹੈ। ਇਸ ਤੋਂ ਪਹਿਲਾਂ ਮੁੰਬਈ ਪੁਲੀਸ ਨੇ ਇਸ ਹੱਤਿਆ ਕਾਂਡ ਵਿਚ ਦਸ ਜਣਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਸ ਤੋਂ ਇਲਾਵਾ ਇੱਥੋਂ ਦੀ ਇੱਕ ਅਦਾਲਤ ਨੇ ਬਾਬਾ ਸਿੱਦੀਕੀ ਹੱਤਿਆ ਮਾਮਲੇ ਵਿੱਚ ਨੌਂ ਮੁਲਜ਼ਮਾਂ ਦਾ ਪੁਲੀਸ ਰਿਮਾਂਡ 26 ਅਕਤੂਬਰ ਤੱਕ ਵਧਾ ਦਿੱਤਾ ਹੈ। ਪੁਲੀਸ ਨੇ ਇਸ ਮਾਮਲੇ ਵਿਚ ਨੌਂ ਜਣਿਆਂ ਨੂੰ ਵੱਖ ਵੱਖ ਥਾਵਾਂ ਤੋਂ ਹਿਰਾਸਤ ਵਿਚ ਲਿਆ ਸੀ। ਇਨ੍ਹਾਂ ਮੁਲਜ਼ਮਾਂ ਦਾ ਰਿਮਾਂਡ ਖਤਮ ਹੋਣ 'ਤੇ ਉਨ੍ਹਾਂ ਨੂੰ ਅੱਜ ਵਧੀਕ ਮੁੱਖ ਮੈਟਰੋਪੋਲੀਟਨ ਮੈਜਿਸਟਰੇਟ ਵੀ ਆਰ ਪਾਟਿਲ ਸਾਹਮਣੇ ਪੇਸ਼ ਕੀਤਾ ਗਿਆ।



## ਦੇਸ਼ ਵਿਚ 27 ਹਵਾਈ ਉਡਾਨਾਂ ਨੂੰ ਉਡਾਉਣ ਦੀ ਮਿਲੀ ਧਮਕੀ

**ਦਿੱਲੀ, ਲੋਕ ਬਾਣੀ**--: ਦੇਸ਼ ਦੀਆਂ ਘਰੇਲੂ ਤੇ ਕੌਮਾਂਤਰੀ ਹਵਾਈ ਉਡਾਣਾਂ ਨੂੰ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਦੇਣ ਦਾ ਸਿਲਸਿਲਾ ਅੱਜ ਵੀ ਜਾਰੀ ਰਿਹਾ। ਅੱਜ 27 ਹਵਾਈ ਉਡਾਣਾਂ ਨੂੰ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਦਿੱਤੀਆਂ ਗਈਆਂ ਜਿਸ ਸਬੰਧੀ ਹਵਾਈ ਅੱਡਾ ਅਥਾਰਿਟੀ ਤੇ ਹਵਾਈ ਕੰਪਨੀਆਂ ਨੇ ਸੁਰੱਖਿਆ ਸਬੰਧੀ ਨਿਯਮਾਂ ਦਾ ਪਾਲਣ ਕੀਤਾ। ਦੂਜੇ ਪਾਸੇ ਪੁਲੀਸ ਤੇ ਸੁਰੱਖਿਆ ਬਲਾਂ ਨੇ ਹਵਾਈ ਅੱਡਿਆਂ 'ਤੇ ਸੁਰੱਖਿਆ ਵਧਾ ਦਿੱਤੀ ਹੈ। ਦੂਜੇ ਪਾਸੇ ਪੁਲੀਸ ਤੇ ਵਿਸ਼ੇਸ਼ ਟੀਮਾਂ ਨੇ ਧਮਕੀਆਂ ਦੇਣ ਵਾਲਿਆਂ ਦੇ ਸੋਸ਼ਲ ਮੀਡੀਆ 'ਤੇ ਖਾਤੇ ਸੀਜ਼ ਕਰ ਦਿੱਤੇ ਹਨ। ਇਸ ਤੋਂ ਇਕ ਦਿਨ ਪਹਿਲਾਂ 85 ਹਵਾਈ ਉਡਾਣਾਂ ਨੂੰ ਧਮਕੀਆਂ ਦਿੱਤੀਆਂ ਗਈਆਂ ਸਨ



## ਉੜੀਸਾ ਦੇ ਮੁੱਖ ਮੰਤਰੀ ਨੇ ਚੱਕਰਵਾਤੀ ਤੂਫ਼ਾਨ ਦੇ ਸਬੰਧ ਵਿੱਚ ਕੀਤੀ ਮੀਟਿੰਗ

**ਉੜੀਸਾ ਵਿਨੋਦ ਸ਼ਰਮਾ**--- ਉੜੀਸਾ ਦੇ ਮੁੱਖ ਮੰਤਰੀ ਮੋਹਨ ਚਰਨ ਮਾਝੀ ਨੇ ਚੱਕਰਵਾਤ ਦਾਨਾ ਬਾਰੇ ਸਮੀਖਿਆ ਮੀਟਿੰਗ ਕੀਤੀ ਹੈ । ਮੌਸਮ ਵਿਭਾਗ ਦਾ ਕਹਿਣਾ ਹੈ ਕਿ ਜਦੋਂ ਚੱਕਰਵਾਤ ਤੱਟ ਤੇ ਪਹੁੰਚਦਾ ਹੈ, ਤਾਂ ਦੋ ਮੀਟਰ ਉੱਚੀਆਂ ਲਹਿਰਾਂ ਦੀ ਸੰਭਾਵਨਾ ਹੈ ਅਤੇ ਚੱਕਰਵਾਤ 120 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਤੱਟ ਨਾਲ ਟਕਰਾਏਗਾ।



## ਨਵੀਂ ਪਾਰਟੀ ਦਾ ਐਲਾਨ ਆਰ ਸੀ ਪੀ ਕਰਣਗੇ 31 ਅਕਤੂਬਰ ਨੂੰ

**ਚੰਡੀਗੜ੍ਹ, ਵਿਨੋਦ ਸ਼ਰਮਾ**-- ਆਰ.ਸੀ.ਪੀ. ਸਿੰਘ ਦੀ ਨਵੀਂ ਪਾਰਟੀ ਦਾ ਐਲਾਨ 31 ਅਕਤੂਬਰ ਨੂੰ ਹੋਵੇਗਾ। ਜੇ.ਡੀ.ਯੂ.ਦੇ ਸਾਬਕਾ ਪ੍ਰਧਾਨ ਨੇ ਕੁਝ ਦਿਨ ਪਹਿਲਾਂ ਭਾਜਪਾ ਛੱਡੀ ਸੀ। ਜੇ.ਡੀ.ਯੂ. ਦੇ ਸਾਬਕਾ ਰਾਸ਼ਟਰੀ ਪ੍ਰਧਾਨ ਅਤੇ ਸਾਬਕਾ ਕੇਂਦਰੀ ਮੰਤਰੀ ਆਰ.ਸੀ.ਪੀ. ਸਿੰਘ ਨਵੀਂ ਪਾਰਟੀ ਬਣਾਉਣਗੇ। ਆਰ.ਸੀ.ਪੀ. ਸਿੰਘ ਭਾਜਪਾ ਵਿਚ ਸ਼ਾਮਿਲ ਹੋਣ ਤੋਂ ਬਾਅਦ ਲਗਾਤਾਰ ਹਾਸ਼ੀਏ ਤੇ ਚਲੇ ਗਏ ਸਨ। ਨਿਤੀਸ਼ ਦੀ ਐਨ.ਡੀ.ਏ. ਵਿਚ ਵਾਪਸੀ ਤੋਂ ਬਾਅਦ ਭਾਜਪਾ ਆਰ.ਸੀ.ਪੀ. ਸਿੰਘ ਨੂੰ ਤਰਜੀਹ ਨਹੀਂ ਦੇ ਰਹੀ ਸੀ।



## ਪੰਜਾਬ ਵਿੱਚ ਵਾਪਰੀਆਂ ਭਿਆਨਕ ਸੜਕ ਹਾਦਸਾ ਤਿੰਨ ਦੀ ਮੌਤ ਚਾਰ ਜ਼ਖ਼ਮੀ

**ਬਟਾਲਾ, ਲੋਕ ਬਾਣੀ**--ਪਿੰਡ ਸੱਖੋਵਾਲ 'ਚ ਅੱਜ ਕਾਰ ਤੇ ਦੋ ਮੋਟਰਸਾਈਕਲ ਸਵਾਰਾਂ ਦਰਮਿਆਨ ਹੋਈ ਟੱਕਰ ਵਿੱਚ ਤਿੰਨ ਜਣਿਆਂ ਦੀ ਮੌਤ ਹੋ ਗਈ ਜਿਨ੍ਹਾਂ ਵਿਚ ਪੈਦਲ ਜਾ ਰਿਹਾ ਵਿਅਕਤੀ ਵੀ ਸ਼ਾਮਲ ਹੈ। ਇਸ ਹਾਦਸੇ ਵਿਚ ਚਾਰ ਜਣੇ ਜ਼ਖ਼ਮੀ ਹੋ ਗਏ। ਮ੍ਰਿਤਕਾਂ ਵਿੱਚ ਸ੍ਰੀਹਰਗੋਬਿੰਦਪੁਰ ਦੇ ਡੀਐਸਪੀ ਦਾ ਰੀਡਰ ਬਲਦੇਵ ਸਿੰਘ ਪੰਜਗਰਾਈਆ ਤੇ ਪਿੰਡ ਸੱਖੋਵਾਲ ਦਾ ਇੱਕ ਨੌਜਵਾਨ ਵੀ ਸ਼ਾਮਲ ਹਨ। ਇਹ ਪਤਾ ਲੱਗਿਆ ਹੈ ਕਿ ਕਾਰ ਸਵਾਰ ਨੇ ਪਹਿਲਾਂ ਗਲਤ ਦਿਸ਼ਾ ਵੱਲ ਪੈਦਲ ਆ ਰਹੇ ਨੌਜਵਾਨ ਨੂੰ ਟੱਕਰ ਮਾਰੀ ਤੇ ਕਾਰ ਪਲਟੀਆਂ ਖਾ ਕੇ ਦੂਜੇ ਪਾਸੇ ਜਾ ਡਿੱਗੀ। ਇਸ ਕਾਰ ਨੇ ਦੋ ਮੋਟਰਸਾਈਕਲ ਸਵਾਰਾਂ ਨੂੰ ਆਪਣੀ ਲਪੇਟ ਵਿਚ ਲੈ ਲਿਆ।



## ਘਰ ਦੀ ਛੱਤ ਡਿੱਗਣ ਨਾਲ ਛੋਟਾਂ ਬੱਚਾ ਹੋਇਆ ਗੰਭੀਰ ਜ਼ਖ਼ਮੀ

ਕਪੂਰਥਲਾ ਲੋਕ ਬਾਣੀ---ਮੁਹੱਲਾ ਰਾਇਕਾ ਵਿਖੇ ਪੁਰਾਣੇ ਬਣੇ ਮਕਾਨ ਦੇ ਡਿਗਣ ਕਾਰਨ ਇਕ 11 ਸਾਲਾਂ ਬੱਚਾ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ । ਜਾਣਕਾਰੀ ਦਿੰਦਿਆਂ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਨ੍ਹਾਂ ਦਾ ਲੜਕਾ ਰਿਸ਼ਭ ਪੁੱਤਰ ਰਜੇਸ਼ ਸਹੋਤਾ ਵਾਸੀ ਰਾਇਕਾ ਮੁਹੱਲਾ ਜੋ ਕਿ ਆਪਣੇ ਘਰ ਵਿਚ ਖੇਡ ਰਿਹਾ ਸੀ ਤਾਂ ਅਚਾਨਕ ਘਰ ਦੀ ਦੀਵਾਰ ਦਾ ਕੁੱਝ ਹਿੱਸਾ ਤੇ ਛੱਤ ਡਿੱਗਣ ਕਾਰਨ ਉਹ ਉਸ ਦੇ ਹੇਠਾਂ ਆ ਗਿਆ ਤੇ ਗੰਭੀਰ ਜ਼ਖ਼ਮੀ ਹੋ ਗਿਆ। ਜਿਸ ਨੂੰ ਪਰਿਵਾਰਕ ਮੈਂਬਰਾਂ ਨੇ ਸਿਵਲ ਹਸਪਤਾਲ ਕਪੂਰਥਲਾ ਦਾਖ਼ਲ ਕਰਵਾਇਆ। ਜਿੱਥੇ ਡਿਊਟੀ ਡਾਕਟਰ ਵਲੋਂ ਉਸਨੂੰ ਮੁੱਢਲੇ ਇਲਾਜ ਤੋਂ ਬਾਅਦ ਹਾਇਰ ਸੈਂਟਰ ਰੈਫਰ ਕਰ ਦਿੱਤਾ ਗਿਆ ਹੈ । ਇਸ ਸੰਬੰਧੀ ਸਬੰਧਿਤ ਥਾਣੇ ਨੂੰ ਸੂਚਿਤ ਕਰ ਦਿੱਤਾ ਗਿਆ ।





# ਪਬਲਿਕ ਆਊਟਰੀਚ ਪ੍ਰੋਗਰਾਮ ਦਾ ਵਿਸਤਾਰ: 'ਸਹਿਯੋਗ' ਪ੍ਰੋਗਰਾਮ ਤਹਿਤ, ਸੀ.ਪੀਜ਼/ਐਸ.ਐਸ.ਪੀਜ਼ ਵੱਲੋਂ ਫੀਡਬੈਕ ਲੈਣ ਲਈ ਪਿੰਡਾਂ ਤੇ ਮੁਹੱਲਿਆਂ ਵਿੱਚ ਕੀਤੀਆਂ ਜਾਣਗੀਆਂ ਜਨਤਕ ਮੀਟਿੰਗਾਂ

ਚੰਡੀਗੜ੍ਹ/ਜਲੰਧਰ, (ਲੋਕ ਬਾਣੀ) ਪੰਜਾਬ ਪੁਲਿਸ ਦੇ ਪਬਲਿਕ ਆਊਟਰੀਚ ਪ੍ਰੋਗਰਾਮ ਸਹਿਯੋਗ ਦਾ ਜ਼ਮੀਨੀ ਪੱਧਰ ਤੇ ਹੋਰ ਵਿਸਤਾਰ ਕਰਨ ਲਈ, ਪੁਲਿਸ ਕਮਿਸ਼ਨਰ (ਸੀ.ਪੀਜ਼) ਅਤੇ ਸੀਨੀਅਰ ਪੁਲਿਸ ਸੁਪਰਡੈਂਟ (ਐਸ.ਐਸ.ਪੀਜ਼) ਵੱਲੋਂ ਪਿੰਡਾਂ ਅਤੇ ਮੁਹੱਲਿਆਂ ਦਾ ਦੌਰਾ ਕਰਕੇ ਜਨਤਕ ਮੀਟਿੰਗਾਂ ਕੀਤੀਆਂ ਜਾਣਗੀਆਂ, ਸਥਾਨਕ ਲੋਕਾਂ ਤੋਂ ਫੀਡਬੈਕ ਲਈ ਜਾਵੇਗੀ। ਇਸ ਪਹਿਲਕਦਮੀ ਦਾ ਉਦੇਸ਼ ਪੁਲਿਸ ਅਤੇ ਆਮ ਜਨਤਾ ਦਰਮਿਆਨ ਪਾੜੇ ਨੂੰ ਪੂਰਨਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਕਿਹਾ ਕਿ ਦੂਜੇ ਪੜਾਅ ਵਿੱਚ ਸੀ.ਪੀਜ਼/ਐਸ.ਐਸ.ਪੀਜ਼ ਨੂੰ ਜਨਤਕ ਮੀਟਿੰਗਾਂ ਕਰਨ ਲਈ ਪਿੰਡਾਂ ਅਤੇ ਮੁਹੱਲਿਆਂ ਦਾ ਦੌਰਾ ਕਰਨ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ। ਇਸ ਨਾਲ ਅਧਿਕਾਰੀਆਂ ਨੂੰ ਜ਼ਮੀਨੀ ਪੱਧਰ ਦੀਆਂ ਸਥਿਤੀਆਂ ਨੂੰ ਸਮਝਣ ਅਤੇ ਪੁਲਿਸ-ਜਨਤਕ ਸਬੰਧਾਂ ਨੂੰ ਮਜ਼ਬੂਤ ਕਰਨ ਵਿੱਚ ਮਦਦ ਮਿਲੇਗੀ।

ਇਹ ਪਹਿਲਕਦਮੀ ਭਾਈਚਾਰਕ ਸਾਂਝ ਵਧਾਉਣ ਅਤੇ ਪੁਲਿਸ ਨਾਲ ਲੋਕਾਂ ਦੇ ਤਜ਼ਰਬਿਆਂ ਬਾਰੇ ਉਨ੍ਹਾਂ ਤੋਂ ਫੀਡਬੈਕ ਲੈਣ ਬਾਬਤ ਡੀਜੀਪੀ ਪੰਜਾਬ ਵੱਲੋਂ ਕੀਤੇ ਜਾ ਰਹੇ ਗਰਾਊਂਡ ਜ਼ੀਰੋ ਟੂਰ ਤਹਿਤ ਕੀਤੀ ਗਈ ਹੈ। ਡੀਜੀਪੀ ਅੱਜ ਜਲੰਧਰ ਕਮਿਸ਼ਨਰੇਟ ਪੁਲਿਸ ਵੱਲੋਂ ਉਨ੍ਹਾਂ ਦੇ ਸਹਿਯੋਗ- ਪੁਲਿਸ ਜਨਤਕ ਸਾਂਝ ਪਹਿਲਕਦਮੀ ਪ੍ਰੋਗਰਾਮ ਦੇ ਹਿੱਸੇ ਵਜੋਂ ਕਰਵਾਈ ਜ਼ਿਲ੍ਹਾ ਪੱਧਰੀ ਪਬਲਿਕ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ।

ਡੀਜੀਪੀ ਗੌਰਵ ਯਾਦਵ ਨੇ ਵੱਖ-ਵੱਖ ਖੇਤਰਾਂ ਦੇ ਲੋਕਾਂ ਨਾਲ ਗੈਰ-ਰਸਮੀ ਤੌਰ 'ਤੇ ਗੱਲਬਾਤ ਦੌਰਾਨ ਸ਼ਹਿਰ ਦੀ ਅਮਨ-ਕਾਨੂੰਨ ਦੀ ਸਥਿਤੀ ਬਾਰੇ ਉਨ੍ਹਾਂ ਤੋਂ ਫੀਡਬੈਕ ਲਈ। ਡੀਜੀਪੀ ਨੇ ਉਨ੍ਹਾਂ ਦੇ ਮਸਲਿਆਂ ਨੂੰ ਹੱਲ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਡੀਜੀਪੀ ਦੇ ਨਾਲ ਪੁਲਿਸ ਕਮਿਸ਼ਨਰ (ਸੀਪੀ) ਜਲੰਧਰ ਸਵਪਨ ਸ਼ਰਮਾ ਵੀ ਮੌਜੂਦ ਸਨ।

ਉਨ੍ਹਾਂ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਪੰਜਾਬ ਸਰਕਾਰ ਵੱਲੋਂ ਪੁਲਿਸ ਵਿਭਾਗ ਵਿੱਚ 10,000 ਨਵੀਆਂ ਅਸਾਮੀਆਂ ਪੈਦਾ ਕਰਨ ਦਾ ਐਲਾਨ ਕੀਤਾ ਗਿਆ ਹੈ ਜਿਸ ਤਹਿਤ ਆਉਣ ਵਾਲੇ ਕੁਝ ਮਹੀਨਿਆਂ ਵਿੱਚ ਜਲੰਧਰ ਸ਼ਹਿਰ ਦੇ ਪੁਲਿਸ ਬਲ ਵਿੱਚ ਵਾਧਾ ਕੀਤਾ ਜਾਵੇਗਾ। ਇਸ ਦੌਰਾਨ ਉਨ੍ਹਾਂ ਨੇ ਸੀ.ਪੀ.ਜਲੰਧਰ ਨੂੰ ਸ਼ਹਿਰ ਵਿੱਚ ਟ੍ਰੈਫਿਕ ਦੇ ਸੁਚਾਰੂ ਪ੍ਰਵਾਹ ਲਈ ਹੋਰ ਹੈੱਡਾਂ ਤੋਂ ਪੁਲਿਸ ਬਲ ਕੱਢ ਕੇ ਟ੍ਰੈਫਿਕ ਵਿੰਗ ਵਿੱਚ ਸ਼ਾਮਲ ਕਰਕੇ ਵਿੰਗ ਵਿੱਚ ਪੁਲਿਸ ਬਲ ਦੀ ਗਿਣਤੀ ਦੁੱਗਣੀ ਕਰਨ ਦੀ ਹਦਾਇਤ ਕੀਤੀ।

ਸਾਈਬਰ ਧੋਖਾਧੜੀ ਬਾਰੇ ਗੱਲ ਕਰਦਿਆਂ ਡੀਜੀਪੀ ਨੇ '1930 ਸਾਈਬਰ ਹੈਲਪਲਾਈਨ ਨੰਬਰ ਤੇ ਤੁਰੰਤ ਅਪਰਾਧ ਦੀ ਰਿਪੋਰਟ ਕਰਨ ਲਈ ਗੋਲਡਨ ਆਵਰ ਦੀ ਵੱਧ ਤੋਂ ਵੱਧ ਵਰਤੋਂ ਕਰਨ ਲਈ ਕਿਹਾ, ਜਿਸ ਨਾਲ ਧੋਖੇਬਾਜ਼ ਵੱਲੋਂ ਸਾਈਬਰ ਪੀੜਤਾਂ ਦੇ ਖਾਤਿਆਂ ਚੋਂ ਕੱਢੇ ਗਏ ਫੰਡਾਂ ਨੂੰ ਤੁਰੰਤ ਫ੍ਰੀਜ਼ ਕਰਨ/ਲੀਅਨ ਮਾਰਕ ਕਰਨ ਵਿੱਚ ਮਦਦ ਮਿਲੇਗੀ।

ਇਸ ਉਪਰੰਤ ਡੀਜੀਪੀ ਗੌਰਵ ਯਾਦਵ ਨੇ ਅਧੁਨਿਕ ਤਕਨੀਕ ਨਾਲ ਤਿਆਰ ਕੀਤੇ ਇੰਟੀਗ੍ਰੇਟਿਡ ਕਮਾਂਡ ਐਂਡ ਕੰਟਰੋਲ ਸੈਂਟਰ (ਆਈਸੀਸੀਸੀ) ਦਾ ਵੀ ਦੌਰਾ ਕੀਤਾ। ਇਹ ਆਪਣੀ ਕਿਸਮ ਦੀ ਪਹਿਲੀ ਪਹਿਲਕਦਮੀ ਹੈ ਜਿਸ ਨਾਲ ਜਲੰਧਰ ਕਮਿਸ਼ਨਰੇਟ ਪੁਲਿਸ ਨੂੰ ਸ਼ਹਿਰ ਵਿੱਚ ਲਗਾਏ ਗਏ ਘੱਟੋ-ਘੱਟ 6000 ਸੀਸੀਟੀਵੀ ਕੈਮਰਿਆਂ ਦੀ ਨਿਗਰਾਨੀ ਕਰਨ ਵਿੱਚ ਮਦਦ ਮਿਲਦੀ ਹੈ।ਤਕਨਾਲੋਜੀ ਦੀ ਮਹੱਤਤਾ ਨੂੰ ਉਜਾਗਰ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਨੂੰ ਆਧੁਨਿਕ ਤਕਨੀਕ ਨਾਲ ਲੈਸ ਕਰਕੇ ਉਹ ਪ੍ਰੀਵੈਂਟਿਵ ਪੁਲਿਸਿੰਗ ਵੱਲ ਧਿਆਨ ਕੇਂਦਰਿਤ ਕਰ ਰਹੇ ਹਨ।

ਜ਼ਿਕਰਯੋਗ ਹੈ ਕਿ ਆਈਸੀਸੀਸੀ, ਜਨਤਕ ਸੁਰੱਖਿਆ ਅਤੇ ਕੁਸ਼ਲਤਾ ਨੂੰ ਵਧਾਉਣ ਲਈ ਟ੍ਰੈਫਿਕ ਅਤੇ ਪੁਲਿਸ ਕੰਟਰੋਲ ਰੂਮ (ਪੀਸੀਆਰ) ਯੂਨਿਟਾਂ ਨੂੰ ਆਪਸ ਜੋੜਦਾ ਹੈ। ਇਸ ਦੇ ਪ੍ਰਭਾਵਸ਼ਾਲੀ ਨਤੀਜੇ ਸਾਹਮਣੇ ਆ ਰਹੇ ਹਨ ਜਿਸ ਨਾਲ ਪੀਸੀਆਰ ਦਾ ਰਿਸਪਾਂਸ ਟਾਇਮ 15 ਮਿੰਟ ਤੋਂ ਘਟ ਕੇ ਸਿਰਫ਼ 5 ਮਿੰਟ ਹੋ ਗਿਆ ਹੈ। ਇਸ ਸੈਂਟਰ ਨੇ ਏਜੰਸੀਆਂ ਵਿਚਕਾਰ ਤਾਲਮੇਲ ਨੂੰ ਬਿਹਤਰ ਬਣਾਉਣ, ਕੁਸ਼ਲਤਾ ਵਧਾਉਣ, ਅੰਕੜਿਆਂ ਅਧਾਰਿਤ ਫੈਸਲੇ ਲੈਣ ਅਤੇ ਨਾਗਰਿਕਾਂ ਲਈ ਸਿੰਗਲ-ਪੁਆਇੰਟ ਰਿਪੋਰਟਿੰਗ ਪ੍ਰਣਾਲੀ ਵਿੱਚ ਵੀ ਮਦਦ ਕੀਤੀ।

ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਡੀਜੀਪੀ ਗੌਰਵ



ਯਾਦਵ ਨੇ ਕਿਹਾ ਕਿ ਨਵੇਂ ਕਾਨੂੰਨ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ (ਬੀ.ਐਨ.ਐਸ.ਐਸ.) ਮੁਤਾਬਿਕ ਸੱਤ ਸਾਲ ਜਾਂ ਇਸ ਤੋਂ ਵੱਧ ਦੀ ਸਜ਼ਾ ਵਾਲੇ ਅਪਰਾਧਾਂ ਦੇ ਮਾਮਲੇ ਵਿੱਚ ਅਪਰਾਧਿਕ ਸਥਾਨ ਦੀ ਵੀਡੀਓ ਰਿਕਾਰਡ ਕਰਨਾ ਲਾਜ਼ਮੀ ਹੈ ਅਤੇ ਪੰਜਾਬ ਪੁਲਿਸ ਈ-ਸਾਕਸ਼ਿਆ ਮੋਬਾਈਲ ਐਪ ਦੀ ਵਰਤੋਂ ਨਾਲ ਵੀਡੀਓ ਰਿਕਾਰਡ ਕੀਤੀ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਪੁਲਿਸ ਟੀਮਾਂ ਵੱਲੋਂ 9171 ਕੇਸਾਂ ਵਿੱਚ ਵੀਡੀਓ ਰਿਕਾਰਡ ਕੀਤੀਆਂ ਗਈਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਕੁੱਲ ਵੀਡੀਓ ਰਿਕਾਰਡਿੰਗਾਂ ਵਿੱਚੋਂ ਲਗਭਗ 70 ਫ਼ੀਸਦ ਰਿਕਾਰਡਿੰਗਾਂ ਈ-ਸਾਕਸ਼ਿਆ ਮੋਬਾਈਲ ਐਪ ਰਾਹੀਂ ਕੀਤੀਆਂ ਗਈਆਂ ਹਨ।

ਡੀਜੀਪੀ ਨੇ ਦੱਸਿਆ ਕਿ ਪੰਜਾਬ ਪੁਲਿਸ ਵੱਲੋਂ ਜੁਲਾਈ 2022 ਵਿੱਚ ਸ਼ੁਰੂ ਕੀਤੇ ਗਏ ਪੀਜੀਡੀ ਪੋਰਟਲ- ਆਨਲਾਈਨ ਜਨਤਕ ਸ਼ਿਕਾਇਤ ਨਿਵਾਰਣ ਪ੍ਰਣਾਲੀ- ਨੂੰ ਇਸਦੀ ਸ਼ੁਰੂਆਤ ਤੋਂ ਹੁਣ ਤੱਕ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਹੁਣ ਤੱਕ ਪੋਰਟਲ 'ਤੇ ਘੱਟੋ-ਘੱਟ 4.5 ਲੱਖ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਵਿੱਚੋਂ 4.10 ਲੱਖ ਸ਼ਿਕਾਇਤਾਂ ਦਾ ਸਫਲਤਾਪੂਰਵਕ ਨਿਪਟਾਰਾ ਕੀਤਾ ਗਿਆ ਹੈ। ਪੀਜੀਡੀ ਪੋਰਟਲ "www.pgd.punjabpolice.gov.in' ਰਾਹੀਂ ਨਾਗਰਿਕ ਪੁਲਿਸ ਸਟੇਸ਼ਨ ਜਾਏ ਬਿਨਾਂ ਆਪਣੀ ਸ਼ਿਕਾਇਤ ਆਨਲਾਈਨ ਦਰਜ ਕਰਵਾ ਸਕਦੇ ਹਨ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਪੰਜਾਬ ਪੁਲਿਸ ਦੀ ਜ਼ੀਰੋ-ਟੌਲਰੈਂਸ ਨੀਤੀ ਤਹਿਤ ਵਿਭਾਗ ਵਿੱਚ ਬਲੈਕ ਸ਼ੀਪ ਵਜੋਂ ਜਾਣੇ ਜਾਂਦੇ ਭ੍ਰਿਸ਼ਟ ਅਧਿਕਾਰੀਆਂ 'ਤੇ ਨਕੇਲ ਕਸੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਹੀ ਅਜਿਹਾ ਵਿਭਾਗ ਹੈ ਜਿੱਥੇ ਭ੍ਰਿਸ਼ਟਚਾਰ ਵਿੱਚ ਸ਼ਾਮਲ ਹਰ ਕਿਸੇ ਨੂੰ ਕਾਨੂੰਨ ਦਾ ਸਾਹਮਣਾ ਕਰਨਾ ਪਵੇਗਾ।

ਇਸ ਦੇ ਨਾਲ ਹੀ ਡੀਜੀਪੀ ਨੇ ਪੁਲਿਸ ਲਾਈਨਜ਼, ਜਲੰਧਰ ਵਿਖੇ ਨਵੇਂ ਬਣੇ ਗਜ਼ਟਿਡ ਅਫਸਰਜ਼ ਮੈਸ ਦਾ ਉਦਘਾਟਨ ਵੀ ਕੀਤਾ।

**ਡੱਬੀ: ਡੀਜੀਪੀ ਗੌਰਵ ਯਾਦਵ ਨੇ ਜਲੰਧਰ ਦੇ ਥਾਣਾ ਰਾਮਾ ਮੰਡੀ ਦਾ ਕੀਤਾ ਅਚਨਚੇਤ ਦੌਰਾ**

ਇਸ ਤੋਂ ਪਹਿਲਾਂ ਸਵੇਰੇ ਡੀਜੀਪੀ ਗੌਰਵ ਯਾਦਵ ਨੇ ਜਲੰਧਰ ਦੇ ਥਾਣਾ ਰਾਮਾ ਮੰਡੀ ਦਾ ਅਚਨਚੇਤ ਦੌਰਾ ਕੀਤਾ, ਜਿੱਥੇ ਉਨ੍ਹਾਂ ਨੇ ਸਹੂਲਤਾਂ ਦਾ ਜਾਇਜ਼ਾ ਲਿਆ ਅਤੇ ਪੁਲਿਸ ਮੁਲਾਜ਼ਮਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਨੇ ਚੱਲ ਰਹੇ ਕੇਸਾਂ ਦੀ ਸਮੀਖਿਆ ਕਰਦੇ ਹੋਏ ਤੁਰੰਤ ਨਿਆਂ ਯਕੀਨੀ ਬਣਾਉਣ ਲਈ ਲਗਨ ਅਤੇ ਜਵਾਬਦੇਹੀ ਦੀ ਮਹੱਤਤਾ ਤੇ ਜ਼ੋਰ ਦਿੱਤਾ।

ਆਪਣੀ ਦੌਰੇ ਦੌਰਾਨ, ਡੀਜੀਪੀ ਨੇ ਆਪਣੇ ਕਰਮਚਾਰੀਆਂ ਦੇ ਰੋਜ਼ਾਨਾ ਦੇ ਤਜ਼ਰਬਿਆਂ ਨੂੰ ਸਮਝਣ ਪ੍ਰਤੀ ਵਚਨਬੱਧਤਾ ਦਾ ਪ੍ਰਗਟਾਵਾ ਕਰਦਿਆਂ ਪੁਲਿਸ ਸਟੇਸ਼ਨ ਮੈਸ ਵਿਖੇ ਖਾਣਾ ਖਾਧਾ। ਇਹ ਅਚਨਚੇਤ ਦੌਰਾ ਪੁਲਿਸ ਦੀ ਕੁਸ਼ਲਤਾ ਅਤੇ ਪਾਰਦਰਸ਼ਤਾ ਵਿੱਚ ਵਾਧਾ ਕਰਨ ਸਬੰਧੀ ਡੀਜੀਪੀ ਦੇ ਚੱਲ ਰਹੇ ਯਤਨਾਂ ਦਾ ਹਿੱਸਾ ਹੈ।

# ਗਲੋਬਲ ਸਿੱਖ ਕੌਂਸਲ ਵੱਲੋਂ ਇਤਿਹਾਸਕ ਤਖ਼ਤਾਂ ਦੇ ਪ੍ਰਬੰਧ 'ਚ ਸਰਕਾਰੀ ਦਖ਼ਲਅੰਦਾਜ਼ੀ ਖਤਮ ਕਰਨ ਦੀ ਮੰਗ

ਚੰਡੀਗੜ੍ਹ, (ਲੋਕ ਬਾਣੀ)- ਵਿਸ਼ਵ ਭਰ ਦੀਆਂ 31 ਰਾਸ਼ਟਰ ਪੱਧਰੀ ਸਿੱਖ ਸੰਸਥਾਵਾਂ ਦੀ ਨੁਮਾਇੰਦਾ ਸੰਸਥਾ, ਗਲੋਬਲ ਸਿੱਖ ਕੌਂਸਲ (ਜੀ.ਐਸ.ਸੀ.) ਨੇ ਸਰਬਸੰਮਤੀ ਨਾਲ ਸਿੱਖਾਂ ਦੇ ਦੋ ਇਤਿਹਾਸਕ ਤਖ਼ਤ ਸਾਹਿਬਾਨ - ਤਖ਼ਤ ਸ੍ਰੀ ਪਟਨਾ ਸਾਹਿਬ, ਬਿਹਾਰ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ, ਮਹਾਰਾਸ਼ਟਰ ਨੂੰ ਸਥਾਨਕ ਸਿੱਖ ਸੰਗਤ ਅਤੇ ਗੁਰਦੁਆਰਾ ਕਮੇਟੀਆਂ ਦੇ ਸਰਗਰਮ ਸਹਿਯੋਗ ਨਾਲ ਸਰਕਾਰੀ ਕੰਟਰੋਲ ਤੋਂ ਮੁਕਤ ਕਰਵਾਉਣ ਦਾ ਫੈਸਲਾ ਲਿਆ ਹੈ।



ਇਹ ਮਤਾ ਲੇਡੀ ਸਿੰਘ ਕੰਵਲਜੀਤ ਕੌਰ, ਓ.ਬੀ.ਈ., ਦੀ ਪ੍ਰਧਾਨਗੀ ਹੇਠ ਲੰਦਨ ਵਿਖੇ ਹੋਈ ਜੀ.ਐਸ.ਸੀ. ਦੀ ਸਾਲਾਨਾ ਜਨਰਲ ਮੀਟਿੰਗ ਦੌਰਾਨ ਪਾਸ ਕੀਤਾ ਗਿਆ। 'ਸਿੱਖ ਮਰਿਯਾਦਾ ਦੀਆਂ ਕਮੀਆਂ ਨੂੰ ਉਜਾਗਰ ਕਰਦੇ ਹੋਏ, ਜੀ.ਐਸ.ਸੀ. ਦੀ ਪ੍ਰਧਾਨ ਨੇ ਦੱਸਿਆ ਕਿ ਦੋਵਾਂ ਤਖ਼ਤਾਂ ਤੇ ਨਿਭਾਈਆਂ ਜਾ ਰਹੀਆਂ ਮੌਜੂਦਾ ਧਾਰਮਿਕ ਪ੍ਰੰਪਰਾਵਾਂ ਬੁਨਿਆਦੀ ਸਿੱਖ ਸਿਧਾਂਤਾਂ ਦੀ ਉਲੰਘਣਾ ਕਰਦੀਆਂ ਹਨ। ਇਸ ਤੋਂ ਇਲਾਵਾ, ਦੋਵੇਂ ਤਖ਼ਤ ਸਾਹਿਬਾਨ ਦੇ ਪ੍ਰਬੰਧਾਂ ਲਈ ਕਮੇਟੀਆਂ ਅਤੇ ਬੋਰਡਾਂ ਵਿਚ ਨਾਮਜ਼ਦ ਕੀਤੇ ਮੈਂਬਰਾਂ ਕੋਲ ਇਨ੍ਹਾਂ ਗੁਰਦੁਆਰਾ ਸਾਹਿਬਾਨ ਦੇ ਸੰਚਾਲਨ ਅਤੇ ਧਾਰਮਿਕ ਰਹੁ-ਰੀਤਾਂ ਨਿਭਾਉਣ ਪ੍ਰਤੀ ਨਾ-ਮਾਤਰ ਅਧਿਕਾਰ ਹਨ।

ਜੀ.ਐਸ.ਸੀ. ਦੇ ਕਾਨੂੰਨੀ ਮਾਮਲਿਆਂ ਬਾਰੇ ਕਮੇਟੀ ਦੇ ਚੇਅਰਮੈਨ ਜਗੀਰ ਸਿੰਘ ਮਲੇਸ਼ੀਆ ਨੇ ਆਪਣਾ ਖੋਜ ਪਰਚਾ ਪੇਸ਼ ਕਰਦੇ ਹੋਏ ਦੱਸਿਆ ਕਿ ਉਪਰੋਕਤ ਦੋਵੇਂ ਤਖਤ ਇਸ ਸਮੇਂ 70 ਸਾਲ ਪੁਰਾਣੇ ਕਾਨੂੰਨਾਂ - ਪਟਨਾ ਸਾਹਿਬ ਦਾ ਸੰਵਿਧਾਨ ਤੇ ਉਪ-ਨਿਯਮ-1957 ਵਿੱਚ ਅਤੇ ਨੰਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਅਪਚਲਨਗਰ ਸਾਹਿਬ ਐਕਟ-1956, ਰਾਹੀਂ ਕੰਟਰੋਲ ਕੀਤੇ ਜਾ ਰਹੇ ਹਨ। ਇਹ ਕਾਨੂੰਨ ਇਨਾਂ ਤਖ਼ਤਾਂ ਦੇ ਧਾਰਮਿਕ ਅਤੇ ਪ੍ਰਬੰਧਕੀ ਮਾਮਲਿਆਂ ਵਿੱਚ ਬਹੁਤ ਜ਼ਿਆਦਾ ਸਰਕਾਰੀ ਦਖ਼ਲਅੰਦਾਜ਼ੀ ਦੀ ਇਜਾਜ਼ਤ ਦਿੰਦੇ ਹਨ।

ਸਿੱਖ ਸੰਗਤਾਂ ਦੀਆਂ ਭਾਵਨਾਵਾਂ ਅਨੁਸਾਰ ਇਨ੍ਹਾਂ ਪੁਰਾਣੇ ਕਾਨੂੰਨਾਂ ਨੂੰ ਤੁਰੰਤ ਸੋਧਣ ਤੇ ਜ਼ੋਰ ਦਿੰਦਿਆਂ, ਉਨ੍ਹਾਂ ਦੱਸਿਆ ਕਿ 1716 ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਇਹ ਦੋਵੇਂ ਤਖ਼ਤ ਕਦੇ ਵੀ ਸਿੱਖਾਂ ਦੇ ਕਬਜ਼ੇ ਵਿਚ ਨਹੀਂ ਰਹੇ ਅਤੇ ਇਨ੍ਹਾਂ ਪੁਰਾਣੇ ਕਾਨੂੰਨਾਂ ਅਤੇ ਘਿਨਾਉਣੀਆਂ ਧਾਰਾਵਾਂ ਪਵਿੱਤਰ ਗੁਰਦੁਆਰਿਆਂ ਦਾ ਪ੍ਰਬੰਧ ਚਲਾਉਣ ਸਬੰਧੀ ਸਿੱਖਾਂ ਸੰਗਤਾਂ ਦੀ ਅਜ਼ਾਦੀ ਨੂੰ ਵੀ ਕਮਜ਼ੋਰ ਕਰਦੀਆਂ ਹਨ।

ਉਨ੍ਹਾਂ ਸਪੱਸ਼ਟ ਤੌਰ ਤੇ ਕਿਹਾ ਕਿ ਇਨ੍ਹਾਂ ਧਾਰਮਿਕ ਸੰਸਥਾਵਾਂ ਦੇ ਪ੍ਰਸ਼ਾਸਨ ਵਿਚ ਸਰਕਾਰੀ ਦਖਲਅੰਦਾਜ਼ੀ ਨਾ ਸਿਰਫ ਲੋਕਤੰਤਰੀ ਪ੍ਰਕਿਰਿਆ ਵਿਚ ਰੁਕਾਵਟ ਬਣੀ ਹੋਈ ਹੈ ਬਲਕਿ ਗੁਰਦੁਆਰਾ ਸਾਹਿਬਾਨ ਦੀ ਖੁਦਮੁਖਤਿਆਰੀ ਤੇ ਵੀ ਸਵਾਲ ਖੜ੍ਹੇ ਹੋਏ ਪਏ ਹਨ।

ਕੌਂਸਲ ਨੇ ਕਿਸੇ ਵੀ ਪ੍ਰਸਤਾਵਿਤ ਆਲ ਇੰਡੀਆ ਸਿੱਖ ਗੁਰਦੁਆਰਾ ਕਾਨੂੰਨ ਨੂੰ ਰੱਦ ਕਰਦਿਆਂ ਕਿਹਾ ਕਿ ਅਜਿਹਾ ਕੇਂਦਰੀ ਕਾਨੂੰਨ ਬਣਾਉਣ ਦੀ ਬਜਾਏ ਪ੍ਰਚਲਿਤ ਗੁਰਦੁਆਰਾ ਕਾਨੂੰਨਾਂ ਵਿੱਚ ਸੁਧਾਰ ਕਰਨ ਦੀ ਲੋੜ ਹੈ ਤਾਂ ਜੋ ਪੁਰਾਤਨ ਸਿੱਖ ਸਿਧਾਂਤਾਂ ਦਾ ਸਤਿਕਾਰ ਹੋ ਸਕੇ ਅਤੇ ਸਥਾਨਕ ਸਿੱਖ ਸੰਗਤਾਂ ਆਪਣੀਆਂ ਧਾਰਮਿਕ ਸੰਸਥਾਵਾਂ ਦੇ ਪ੍ਰਸ਼ਾਸਨ ਬਿਨਾਂ ਕਿਸੇ ਸਰਕਾਰੀ ਦਖਲ ਤੋਂ ਚਲਾਉਣ ਦੇ ਸਮਰੱਥ ਹੋ ਸਕਣ।

ਜੀ.ਐਸ.ਸੀ. ਨੇ ਦੁਨੀਆ ਭਰ ਦੇ ਸਿੱਖਾਂ ਨੂੰ ਗੁਰਦੁਆਰਾ ਪ੍ਰਬੰਧਾਂ ਵਿੱਚ ਸਰਕਾਰੀ ਦਖਲਅੰਦਾਜ਼ੀ ਦਾ ਵਿਰੋਧ ਕਰਨ ਅਤੇ ਈਸਟ ਇੰਡੀਆ ਯੁੱਗ ਦੇ ਕਾਨੂੰਨਾਂ ਵਿੱਚ ਸੋਧਾਂ ਕਰਾਉਣ ਲਈ ਜ਼ੋਰਦਾਰ ਮੁਹਿੰਮ ਚਲਾਉਣ ਦੀ ਅਪੀਲ ਕੀਤੀ ਹੈ ਤਾਂ ਜੋ ਭਾਰਤੀ ਸੰਵਿਧਾਨ ਦੇ ਆਰਟੀਕਲ 26 ਵਿੱਚ ਦਰਜ ਮਨੋਰਥ ਅਨੁਸਾਰ ਸਿੱਖ ਮਾਮਲਿਆਂ ਦਾ ਪੂਰਾ ਕੰਟਰੋਲ ਸਿੱਖ ਭਾਈਚਾਰੇ ਨੂੰ ਵਾਪਸ ਮਿਲ ਸਕੇ।

ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਕੌਂਸਲ ਦੇ ਸਲਾਹਕਾਰ ਲਾਰਡ ਇੰਦਰਜੀਤ ਸਿੰਘ ਵਿੰਬਲਡਨ, ਮੈਂਬਰ ਹਾਊਸ ਆਫ ਲਾਰਡਜ਼, ਇੰਡੋਨੇਸ਼ੀਆ ਤੋਂ ਡਾ: ਕਰਮਿੰਦਰ ਸਿੰਘ ਢਿੱਲੋਂ, ਪਰਮਜੀਤ ਸਿੰਘ ਬੇਦੀ ਯੂ.ਐਸ.ਏ., ਆਇਰਲੈਂਡ ਤੋਂ ਡਾ: ਜਸਬੀਰ ਸਿੰਘ ਪੁਰੀ, ਭਾਰਤ ਤੋਂ ਰਾਮ ਸਿੰਘ ਰਾਠੌਰ, ਹਰਸ਼ਰਨ ਸਿੰਘ ਅਤੇ ਹਰਜੀਤ ਸਿੰਘ ਗਰੇਵਾਲ, ਯੂ.ਕੇ. ਤੋਂ ਸਤਨਾਮ ਸਿੰਘ ਪੂਨੀਆ ਅਤੇ ਨੇਪਾਲ ਤੋਂ ਕਿਰਨਦੀਪ ਕੌਰ ਸੰਧੂ ਵੀ ਹਾਜ਼ਰ ਸਨ।

# ਪੀਜੀਆਈ ਚੰਡੀਗੜ੍ਹ ਦੀ ਇੰਸਟੀਚਊਟ ਬਾਡੀ ਦੇ ਮੈਂਬਰ ਬਣੇ ਸੰਸਦ ਮੈਂਬਰ ਮਨੀਸ਼ ਤਿਵਾੜੀ



ਚੰਡੀਗੜ੍ਹ, (ਲੋਕ ਬਾਣੀ): ਚੰਡੀਗੜ੍ਹ ਤੋਂ ਸੰਸਦ ਮੈਂਬਰ ਅਤੇ ਸਾਬਕਾ ਕੇਂਦਰੀ ਮੰਤਰੀ ਮਨੀਸ਼ ਤਿਵਾੜੀ ਨੂੰ ਪੋਸਟ ਗਰੈਜੂਏਟ ਇੰਸਟੀਟਿਊਟ ਆਫ ਮੈਡੀਕਲ ਐਜੂਕੇਸ਼ਨ ਰਿਸਰਚ, ਚੰਡੀਗੜ੍ਹ (ਪੀਜੀਆਈ) ਦੀ ਇੰਸਟੀਟਿਊਟ ਬਾਡੀ ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ।

ਇਸ ਸਬੰਧੀ ਪੀਜੀਆਈ ਦੇ ਡਾਇਰੈਕਟਰ ਪ੍ਰੋ. ਵਿਵੇਕ ਲਾਲ ਮੁਤਾਬਕ ਉਹ ਤਿਵਾੜੀ ਵਰਗੇ ਯੋਗ ਵਿਅਕਤੀ ਨੂੰ ਆਪਣੀ ਸਟੈਂਡਿੰਗ ਅਕੈਡਮਿਕ ਕਮੇਟੀ ਵਿੱਚ ਸ਼ਾਮਿਲ ਕਰਕੇ ਖੁਸ਼ੀ ਮਹਿਸੂਸ ਕਰ ਰਹੇ ਹਨ। ਉਹਨਾਂ ਦੇ ਨਾਲ ਕੰਮ ਕਰਨਾ ਸਾਡੇ ਬਾਈ ਇੱਕ ਬਿਹਤਰੀਨ ਤਜਰਬਾ ਹੋਵੇਗਾ ਅਤੇ ਉਹਨਾਂ ਦੀ ਦੂਰਅੰਦੇਸ਼ੀ ਸੋਚ ਨਾਲ ਸੰਸਥਾ ਤਰੱਕੀਆਂ ਵੱਲ ਹੋਰ ਅੱਗੇ ਵਧੇਗੀ।

ਤਿਵਾੜੀ ਨੇ ਕਿਹਾ ਕਿ ਉਹਨਾਂ ਦਾ ਉਦੇਸ਼ ਲੋਕਾਂ ਦੇ ਭਲੇ ਲਈ ਕੰਮ ਕਰਨਾ ਹੈ ਅਤੇ ਪੀਜੀਆਈ ਵਰਗੀ ਸੰਸਥਾ ਦਾ ਹਿੱਸਾ ਬਣ ਕੇ ਉਹ ਇਸ ਜਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣ ਦੀ ਕੋਸ਼ਿਸ਼ ਕਰਨਗੇ।

# ਬਾਜਵਾ ਨੇ ਬੀਜੇਪੀ ਅਤੇ ਆਪ ਤੇ ਕਿਸਾਨਾਂ ਨਾਲ ਵਿਸ਼ਵਾਸਘਾਤ ਕਰਨ ਦਾ ਆਰੋਪ ਲਗਾਇਆ : ਅਮਰਿੰਦਰ ਦੀ ਫੇਰੀ ਨੂੰ ਸਿਆਸੀ ਰੰਗਮੰਚ ਕਿਹਾ

ਚੰਡੀਗੜ੍ਹ, (ਲੋਕ ਬਾਣੀ)- ਵਿਰੋਧੀ ਧਿਰ ਦੇ ਨੇਤਾ, ਪ੍ਰਤਾਪ ਸਿੰਘ ਬਾਜਵਾ ਨੇ ਅੱਜ ਭਾਜਪਾ ਅਤੇ ਆਪ ਸਰਕਾਰਾਂ ਦੀ ਤਿੱਖੀ ਆਲੋਚਨਾ ਕੀਤੀ, ਉਹਨਾਂ ਨੇ ਝੋਨੇ ਦੀ ਖਰੀਦ ਵਿੱਚ ਗੜਬੜ ਨੂੰ ਪੰਜਾਬ ਦੇ ਕਿਸਾਨਾਂ ਨਾਲ ਗਿਣਤੀਬੱਧ ਵਿਸ਼ਵਾਸਘਾਤ ਕਰਾਰ ਦਿੱਤਾ। ਬਾਜਵਾ ਨੇ ਮੰਡੀਆਂ ਵਿੱਚ ਮਚੀ ਹਫੜਾ-ਦਫੜੀ ਦੀ ਨਿੰਦਾ ਕੀਤੀ, ਇਸ ਨੂੰ ਜਾਂ ਤਾਂ ਘੋਰ ਅਯੋਗਤਾ ਜਾਂ ਪੰਜਾਬ ਦੀ ਰੀੜ੍ਹ ਦੀ ਹੱਡੀ ਖੇਤੀਬਾੜੀ ਨੂੰ ਅਸਥਿਰ ਕਰਨ ਦਾ ਏਜੰਡਾ ਦੱਸਿਆ। ਉਨ੍ਹਾਂ ਸਵਾਲ ਕੀਤਾ, ਕੀ ਭਾਜਪਾ ਅਤੇ ਆਪ ਪੰਜਾਬ ਦੀ ਆਰਥਿਕਤਾ ਨੂੰ ਕੰਢੇ ਤੇ ਲਿਜਾਣ ਦੀ ਸਾਜ਼ਿਸ਼ ਲਈ ਜਾਣਬੁੱਝ ਕੇ ਆਪਸ ਚ ਮਿਲੀਭੁਗਤ ਕਰ ਰਹੇ ਹਨ।



ਪੰਜਾਬ ਦੇ ਲੋਕ ਪਿਛਲੇ 50 ਸਾਲਾਂ ਤੋਂ ਝੋਨੇ ਦੀ ਨਿਰਵਿਘਨ ਖਰੀਦ ਤੇ ਨਿਰਭਰ ਹਨ, ਫਿਰ ਵੀ ਮੌਜੂਦਾ ਸ਼ਾਸਨ ਦੌਰਾਨ ਅਸੀਂ ਬੇਮਿਸਾਲ ਕੁਪ੍ਰਬੰਧਾਂ ਦੇ ਗਵਾਹ ਹਾਂ। ਬਾਜਵਾ ਨੇ ਸਵਾਲ ਕੀਤਾ ਕੀ ਇਹ ਗੜਬੜ ਅਯੋਗਤਾ ਕਾਰਨ ਹੈ ਜਾਂ ਭਾਜਪਾ ਅਤੇ ਆਪ ਨੇ ਪੰਜਾਬ ਨੂੰ ਅਸਥਿਰ ਕਰਨ ਲਈ ਸਾਂਝੀ ਰਣਨੀਤੀ ਬਣਾਈ ਹੈ? ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਦੀ ਖੱਜਲ-ਖੁਆਰੀ, ਆਪਣੀ ਉਪਜ ਦੇ ਢੇਰਾਂ ਨੂੰ ਵੇਖ ਕੇ, ਪਹਿਲਾਂ ਹੀ ਖੇਤੀ ਸੰਕਟ ਵਿੱਚ ਘਿਰੇ ਸੂਬੇ ਵਿੱਚ ਮੁਸ਼ਕਲ ਹਾਲਾਤ ਪੈਦਾ ਕਰਨ ਦੀ ਜਾਣਬੁੱਝ ਕੇ ਕੀਤੀ ਜਾ ਰਹੀ ਕੋਸ਼ਿਸ਼ ਵੱਲ ਇਸ਼ਾਰਾ ਕਰਦੀ ਹੈ।

ਖੰਨਾ ਦੀ ਅਨਾਜ ਮੰਡੀ ਵਿੱਚ ਕੈਪਟਨ ਅਮਰਿੰਦਰ ਸਿੰਘ ਦੇ ਅਚਾਨਕ ਜਨਤਕ ਰੂਪ ਵਿੱਚ ਸਾਹਮਣੇ ਆਉਣ ਦੀ ਵੀ ਬਾਜਵਾ ਦੀ ਆਲੋਚਨਾ ਕੀਤੀ। ਕੈਪਟਨ ਅਮਰਿੰਦਰ ਸਿੰਘ ਕਿੱਥੇ ਸਨ ਜਦੋਂ ਪੰਜਾਬ ਦੇ ਕਿਸਾਨਾਂ ਨੇ ਪਹਿਲੀ ਵਾਰ ਅਲਾਰਮ ਉਠਾਇਆ ਸੀ? ਪੰਜਾਬ ਵਿੱਚ ਰਹਿਣ ਦੇ ਬਾਵਜੂਦ, ਉਹ ਚੁੱਪ ਰਿਹਾ ਕਿਉਂਕਿ ਪਿਛਲੇ ਤਿੰਨ ਹਫ਼ਤਿਆਂ ਤੋਂ ਕਿਸਾਨਾਂ ਦੀਆਂ ਫ਼ਸਲਾਂ ਸੜਨ ਲਈ ਛੱਡ ਦਿੱਤੀਆਂ ਗਈਆਂ ਸਨ। ਹੁਣ, ਜ਼ਿਮਨੀ ਚੋਣਾਂ ਦੀ ਪੂਰਵ ਸੰਧਿਆ ਤੇ, ਉਹ ਵਾਅਦਿਆਂ ਨਾਲ ਮੁੜ ਉਭਰਦਾ ਹੈ, ਬਾਜਵਾ ਨੇ ਟਿੱਪਣੀ ਕਰਦਿਆਂ ਕਿਹਾ ਕਿ ਕੈਪਟਨ ਦੀਆਂ ਕਾਰਵਾਈਆਂ ਸਿਆਸੀ ਨਾਟਕ ਹਨ ਜੋ ਲੋੜ ਦੇ ਸਮੇਂ ਪੰਜਾਬ ਦੇ ਕਿਸਾਨਾਂ ਦਾ ਫਾਇਦਾ ਉਠਾਉਂਦਾ ਹੈ। ਉਨ੍ਹਾਂ ਸਵਾਲ ਕੀਤਾ ਕਿ ਕੈਪਟਨ ਅਮਰਿੰਦਰ ਨੇ ਪਹਿਲਾਂ ਪ੍ਰਧਾਨ ਮੰਤਰੀ ਤੱਕ ਪਹੁੰਚਣ ਲਈ ਆਪਣੇ ਪ੍ਰਭਾਵ ਦੀ ਵਰਤੋਂ ਕਿਉਂ ਨਹੀਂ ਕੀਤੀ, ਕੀ ਇਹ ਦੇਰੀ ਚਾਰ ਵਿਧਾਨ ਸਭਾ ਹਲਕਿਆਂ ਵਿੱਚ ਹੋਣ ਵਾਲੀਆਂ ਚੋਣਾਂ ਨਾਲ ਜੋੜਨ ਲਈ ਜਾਣਬੁੱਝ ਕੇ ਕੀਤੀ ਗਈ ਸੀ।

ਬਾਜਵਾ ਨੇ ਅੱਗੇ ਕਿਹਾ ਕੈਪਟਨ ਅਮਰਿੰਦਰ ਦਾ ਅਨਾਜ ਮੰਡੀਆਂ ਦਾ ਲੇਟ ਦੌਰਾ ਇੱਕ ਸਿਆਸੀ ਸਟੰਟ ਤੋਂ ਬਿਨਾਂ ਹੋਰ ਕੁਝ ਨਹੀਂ ਜਾਪਦਾ ਹੈ, ਕਿਉਂਕਿ ਕਿਸਾਨਾਂ ਦੀ ਦੁਰਦਸ਼ਾ ਤੇ ਲੰਬੇ ਸਮੇਂ ਤੋਂ ਉਨ੍ਹਾਂ ਚੁੱਪੀ ਧਾਰੀ ਹੋਈ ਹੈ। ਕੈਪਟਨ ਅਮਰਿੰਦਰ ਹੁਣ ਤੱਕ ਕਿਉਂ ਵਿਹਲੇ ਬੈਠੇ ਸਨ ਜਦੋਂ ਕਿ ਪੰਜਾਬ ਦੀ ਖੇਤੀ ਦੀ ਰੀੜ੍ਹ ਦੀ ਹੱਡੀ ਉਸ ਦੇ ਭਾਜਪਾ ਸਹਿਯੋਗੀਆਂ ਅਤੇ ਆਪ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਅਧੀਨ ਹੈ।

ਇਸ ਮਹੱਤਵਪੂਰਨ ਖਰੀਦ ਸਮੇਂ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਮੰਡੀਆਂ ਵਿੱਚੋਂ ਗੈਰਹਾਜ਼ਰੀ ਨੂੰ ਉਜਾਗਰ ਕਰਦੇ ਹੋਏ, ਬਾਜਵਾ ਨੇ ਜਵਾਬਦੇਹੀ ਦੀ ਮੰਗ ਕੀਤੀ। ਮੁੱਖ ਮੰਤਰੀ ਮਾਨ ਨੇ ਸਾਡੇ ਕਿਸਾਨਾਂ ਦੀਆਂ ਸ਼ਿਕਾਇਤਾਂ ਨੂੰ ਸਿੱਧੇ ਹੱਲ ਕਰਨ ਲਈ ਮੰਡੀਆਂ ਦਾ ਇੱਕ ਵੀ ਦੌਰਾ ਕਿਉਂ ਨਹੀਂ ਕੀਤਾ? ਸਾਡੇ ਸੂਬੇ ਦੇ ਕਿਸਾਨਾਂ ਦੇ ਸੰਘਰਸ਼ਾਂ ਪ੍ਰਤੀ ਅਜਿਹੀ ਉਦਾਸੀਨਤਾ ਅਸਵੀਕਾਰਨਯੋਗ ਹੈ, ਅਤੇ ਇਹ ਸਵਾਲ ਪੈਦਾ ਕਰਦਾ ਹੈ: ਕੀ ਆਪ ਸਰਕਾਰ ਨੇ ਪੰਜਾਬ ਦੀਆਂ ਲੋੜਾਂ ਨੂੰ ਨਜ਼ਰਅੰਦਾਜ਼ ਕਰਨ ਲਈ ਭਾਜਪਾ ਨਾਲ ਕੋਈ ਸਮਝੌਤਾ ਕੀਤਾ ਹੈ?

ਅਕਾਲੀ ਦਲ ਦੇ ਉਪ ਚੋਣ ਨੂੰ ਛੱਡਣ ਦੇ ਫੈਸਲੇ ਤੇ ਟਿੱਪਣੀ ਕਰਦਿਆਂ, ਬਾਜਵਾ ਨੇ ਇਸ ਕਦਮ ਦੇ ਪਿੱਛੇ ਦੇ ਅਸਲ ਉਦੇਸ਼ਾਂ ਤੇ ਸਵਾਲ ਕੀਤਾ। ਕੀ ਇਹ ਅਸਲ ਵਿੱਚ ਸਿਰਫ਼ ਇੱਕ ਰਾਜਨੀਤਿਕ ਫੈਸਲਾ ਹੈ, ਜਾਂ ਇੱਕ ਲੁਕਵੀਂ ਰਣਨੀਤੀ ਹੈ ਜੋ ਕੁਝ ਸਿਆਸੀ ਹਿੱਤਾਂ ਨੂੰ ਲਾਭ ਪਹੁੰਚਾਉਣ ਲਈ ਤਿਆਰ ਕੀਤੀ ਗਈ ਹੈ? ਬਾਜਵਾ ਨੇ ਚੁਣੌਤੀ ਦਿੰਦੇ ਹੋਏ ਸੁਝਾਅ ਦਿੱਤਾ ਕਿ ਅਕਾਲੀ ਦਲ ਦੀ ਗੈਰਹਾਜ਼ਰੀ ਚੋਣ ਮੈਦਾਨ ਵਿੱਚ ਕਿਸੇ ਲਈ ਰਾਹ ਆਸਾਨ ਕਰਨ ਦੀ ਇੱਕ ਚਾਲ ਹੋ ਸਕਦੀ ਹੈ। ਸ਼੍ਰੋਮਣੀ ਅਕਾਲੀ ਦਲ ਹੁਣ ਆਸਾਨੀ ਨਾਲ ਪਿੱਛੇ ਕਿਉਂ ਹਟ ਰਿਹਾ ਹੈ, ਅਤੇ ਇਸ ਅਖੌਤੀ ਪਰਹੇਜ਼ ਤੋਂ ਅਸਲ ਵਿੱਚ ਕਿਸਨੂੰ ਫਾਇਦਾ ਹੁੰਦਾ ਹੈ?

ਬਾਜਵਾ ਨੇ ਪੰਜਾਬ ਦੇ ਲੋਕਾਂ ਨੂੰ ਅਕਾਲੀ ਦਲ ਦੀ ਰਣਨੀਤਕ ਚੁੱਪ ਨੂੰ ਵੇਖਣ ਦੀ ਅਪੀਲ ਕੀਤੀ, ਜੋ ਸਥਿਤੀ ਦਾ ਫਾਇਦਾ ਉਠਾਉਣ ਦੀ ਕੋਸ਼ਿਸ਼ ਕਰ ਰਹੀਆਂ ਪਾਰਟੀਆਂ ਨਾਲ ਸੰਭਾਵਿਤ ਸੌਦੇ ਵੱਲ ਸੰਕੇਤ ਕਰਦਾ ਹੈ।

# ਵਿਜੀਲੈਂਸ ਵੱਲੋਂ ਬਾਰਦਾਨੇ ਵਿੱਚ ਹੇਰਾਫੇਰੀ ਨੂੰ ਲੁਕਾਉਣ ਲਈ ਜਨਤਕ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ ਹੇਠ ਫੂਡ ਸਪਲਾਈ ਇੰਸਪੈਕਟਰ ਕਾਬੂ



ਚੰਡੀਗੜ੍ਹ,(ਲੋਕ ਬਾਣੀ) ਸੂਬੇ ਵਿੱਚ ਭ੍ਰਿਸ਼ਟਾਚਾਰ ਖਿਲਾਫ਼ ਵਿੱਢੀ ਮੁਹਿੰਮ ਤਹਿਤ ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਖੁਰਾਕ ਤੇ ਸਿਵਲ ਸਪਲਾਈ ਇੰਸਪੈਕਟਰ ਵਿਨੋਦ ਖੋਸਲਾ ਨੂੰ ਕਾਬੂ ਕੀਤਾ ਹੈ। ਦੱਸਣਯੋਗ ਹੈ ਕਿ ਉਕਤ ਮੁਲਜ਼ਮ ਉੱਤੇ ਸਰਕਾਰੀ ਬਾਰਦਾਨੇ 'ਚ ਹੇਰਾਫੇਰੀ ਨੂੰ ਛੁਪਾਉਣ ਲਈ ਬਟਾਲਾ ਵਿੱਚ ਇੱਕ ਗੋਦਾਮ ਨੂੰ ਅੱਗ ਲਾਉਣ ਦਾ ਦੋਸ਼ ਹੈ।

ਪੰਜਾਬ ਵਿਜੀਲੈਂਸ ਬਿਊਰੋ ਦੇ ਅਧਿਕਾਰਤ ਬੁਲਾਰੇ ਨੇ ਦੱਸਿਆ ਕਿ ਉਕਤ ਇੰਸਪੈਕਟਰ ਨੂੰ 2017 ਦੀ ਵਿਜੀਲੈਂਸ ਜਾਂਚ ਨੰਬਰ 3 ਦੀ ਤਸਦੀਕ ਤੋਂ ਬਾਅਦ ਗ੍ਰਿਫਤਾਰ ਕੀਤਾ ਗਿਆ ਹੈ। ਸਤੰਬਰ 2016 ਵਿੱਚ ਫੂਡ ਸਪਲਾਈ ਸੈਂਟਰ, ਬਟਾਲਾ ਦੇ ਗੋਦਾਮ ਨੰਬਰ 5 ਨੂੰ ਅੱਗ ਲੱਗਣ ਦੀ ਘਟਨਾ ਸਾਹਮਣੇ ਆਈ ਸੀ ਅਤੇ ਇਸ ਕੇਸ ਦੀ ਜਾਂਚ ਦੌਰਾਨ ਪਤਾ ਲੱਗਾ ਕਿ ਇਸ ਗੋਦਾਮ ਦਾ ਕੰਮ ਦੇਖ ਰਹੇ ਇੰਸਪੈਕਟਰ ਨੇ ਸਰਕਾਰੀ ਬਾਰਦਾਨੇ ਵਿੱਚ ਕੀਤੀ ਗਈ ਹੇਰਾਫੇਰੀ ਨੂੰ ਲੁਕਾਉਣ ਲਈ ਜਾਣਬੁੱਝ ਕੇ ਗੋਦਾਮ ਨੂੰ ਅੱਗ ਲਗਾ ਦਿੱਤੀ ਸੀ, ਜਿਸ ਨਾਲ ਸਰਕਾਰੀ ਖ਼ਜ਼ਾਨੇ ਦਾ ਨੁਕਸਾਨ ਹੋਇਆ।

ਉਨ੍ਹਾਂ ਦੱਸਿਆ ਕਿ ਇਸ ਸਬੰਧੀ ਵਿਜੀਲੈਂਸ ਬਿਊਰੋ ਅੰਮ੍ਰਿਤਸਰ ਰੇਂਜ ਦੇ ਥਾਣੇ ਵਿੱਚ ਆਈ.ਪੀ.ਸੀ. ਦੀ ਧਾਰਾ 408 ਅਤੇ 435, ਭ੍ਰਿਸ਼ਟਾਚਾਰ ਰੋਕੂ ਕਾਨੂੰਨ, 1988 ਦੀ ਧਾਰਾ 13(1)(ਏ) ਅਤੇ 13(2) ਅਤੇ ਜਨਤਕ ਜਾਇਦਾਦ ਨੂੰ ਨੁਕਸਾਨ ਦੀ ਰੋਕਥਾਮ ਬਾਰੇ ਕਾਨੂੰਨ 1984 ਦੀ ਧਾਰਾ 4 ਤਹਿਤ ਐਫ.ਆਈ.ਆਰ ਨੰ. 48 ਅਧੀਨ ਕੇਸ ਦਰਜ ਕੀਤਾ ਹੈ।

# ਬਿਹਾਰ ਵਿੱਚ ਹੜ੍ਹਾਂ ਨਾਲ਼ ਫੇਰ ਤਬਾਹੀ: ਸਰਕਾਰੀ ਨਾਅਹਿਲੀ ਕਰਕੇ ਹਰ ਸਾਲ ਹੜ੍ਹਾਂ ਦੀ ਤਬਾਹੀ ਝੱਲਣ ਨੂੰ ਮਜਬੂਰ ਲੋਕ

ਬਿਹਾਰ (ਲੋਕ ਬਾਣੀ)ਬਿਹਾਰ ਵਿੱਚ 'ਕੋਸੀ' ਦਰਿਆ ਨੂੰ 'ਬਿਹਾਰ ਦਾ ਦੁੱਖ' ਆਖਿਆ ਜਾਂਦਾ ਹੈ। ਲੱਗਭੱਗ ਹਰ ਸਾਲ ਕੋਸੀ ਦਰਿਆ ਵਿੱਚ ਪਾਣੀ ਦਾ ਪੱਧਰ ਵਧਣ ਨਾਲ਼ ਆਲ਼ੇ-ਦੁਆਲ਼ੇ ਦੇ ਪਿੰਡਾਂ ਵਿੱਚ ਹੜ੍ਹ ਜਹੀ ਸਥਿਤੀ ਬਣਦੀ ਹੈ। ਇਸ ਸਾਲ ਨੇਪਾਲ ਤੇ ਉੱਤਰੀ ਬਿਹਾਰ ਵਿੱਚ ਮੀਂਹ ਕਾਰਨ ਕੋਸੀ ਦਰਿਆ ਵਿੱਚ ਪਾਣੀ ਦਾ ਪੱਧਰ ਵਧਿਆ ਤੇ ਇਸਦਾ ਅਸਰ ਬਿਹਾਰ ਦੇ ਲੱਗਭੱਗ 429 ਪਿੰਡਾਂ ਉੱਤੇ ਪਿਆ ਹੈ। ਤਾਜਾ ਅੰਕੜਿਆਂ ਅਨੁਸਾਰ ਕਰੀਬ 40 ਲੱਖ ਲੋਕ ਕਿਸੇ ਨਾ ਕਿਸੇ ਰੂਪ ਵਿੱਚ ਹੜ੍ਹ ਤੋਂ ਪੀੜਤ ਹਨ। ਹਾਲੇ ਇਸ ਹੜ੍ਹ ਨਾਲ਼ ਮਰਨ ਵਾਲ਼ਿਆਂ ਦੀ ਗਿਣਤੀ ਦਾ ਕੋਈ ਠੋਸ ਅੰਕੜਾ ਨਹੀਂ ਪਰ ਲੱਖਾਂ ਹੀ ਲੋਕਾਂ ਨੂੰ ਬੇਘਰ ਹੋਣਾ ਪਿਆ ਹੈ, ਉਹਨਾਂ ਦੇ ਘਰਾਂ ਤੇ ਹੋਰ ਜਾਇਦਾਦਾਂ ਦਾ ਨੁਕਸਾਨ ਹੋਇਆ ਹੈ। ਇਸ ਹੜ੍ਹ ਕਾਰਨ ਬਿਹਾਰ ਵਿੱਚ ਕਿੰਨੇ ਹੀ ਲੋਕਾਂ ਨੂੰ ਭੋਜਨ ਦੀਆਂ ਵਸਤਾਂ, ਸਾਫ ਪਾਣੀ, ਸੁਰੱਖਿਅਤ ਰਿਹਾਇਸ਼, ਬਾਲਣ, ਬਿਜਲੀ ਆਦਿ ਦੀ ਤੋਟ ਭੁਗਤਣੀ ਪੈ ਰਹੀ ਹੈ ਤੇ ਸਖਤ ਮੁਸ਼ਕਲਾਂ ਵਿੱਚ ਦਿਨ ਕੱਟਣੇ ਪੈ ਰਹੇ ਹਨ। 30 ਸਤੰਬਰ ਨੂੰ ਸੁਪੌਲ ਜਿਲ੍ਹੇ ਦੇ ਲੋਕਾਂ ਨੇ ਰੇਲਵੇ ਲਾਈਨ ਰੋਕ ਕੇ ਧਰਨਾ ਦਿੱਤਾ ਤੇ ਬਿਹਾਰ ਸਰਕਾਰ ਤੋਂ ਇਹ ਮੰਗ ਕੀਤੀ ਕਿ ਛੇਤੀ ਤੋਂ ਛੇਤੀ ਉਹਨਾਂ ਨੂੰ ਬੁਨਿਆਦੀ ਸਹੂਲਤਾਂ ਦਿੱਤੀਆਂ ਜਾਣ। ਇਸੇ ਤਰ੍ਹਾਂ 6 ਅਕਤੂਬਰ ਨੂੰ ਮੁਜੱਫਰਪੁਰ ਦੇ ਲੋਕਾਂ ਨੇ ਮੁਜੱਫਰਪੁਰ ਵਿੱਚੋਂ ਲੰਘਦਾ ਕੌਮੀ ਸ਼ਾਹਰਾਹ ਜਾਮ ਕਰਕੇ ਸਰਕਾਰ ਤੋਂ ਬੁਨਿਆਦੀ ਸਹੂਲਤਾਂ ਦੀ ਮੰਗ ਕੀਤੀ। ਮੀਡੀਆ ਵਿੱਚ ਖ਼ਬਰਾਂ ਅਨੁਸਾਰ ਬਿਹਾਰ ਦੇ ਕਈ ਪਿੰਡਾਂ ਵਿੱਚ ਲੋਕਾਂ ਨੂੰ ਸੁਰੱਖਿਅਤ ਥਾਵਾਂ ਤੱਕ ਵੀ ਸਰਕਾਰ ਨਹੀਂ ਲੈ ਕੇ ਗਈ ਤੇ ਲੋਕ ਘਰ ਦੀਆਂ ਛੱਤਾਂ ਉੱਤੇ ਬੈਠਣ ਲਈ ਮਜਬੂਰ ਹਨ। ਇਹ ਘਟਨਾਵਾਂ ਨਿਤੀਸ਼ ਤੇ ਮੋਦੀ ਸਰਕਾਰ ਦੇ ਉਹਨਾਂ ਦਾਅਵਿਆਂ ਦੀ ਫੂਕ ਕੱਢਦੀਆਂ ਹਨ ਜਿਹਨਾਂ ਅਨੁਸਾਰ ਇਹ ਸਰਕਾਰਾਂ ਪੂਰੇ ਜੋਰ ਨਾਲ਼ ਰਾਹਤ ਕਾਰਜਾਂ ਵਿੱਚ ਲੱਗੀਆਂ ਹੋਈਆਂ ਹਨ। ਇਹ ਦੇਖਣ ਵਾਲ਼ੀ ਗੱਲ ਹੈ ਕਿ ਜਿਹੜੀਆਂ ਸਰਕਾਰਾਂ ਆਪਣੇ ਚਹੇਤੇ ਧਨਾਢਾਂ ਦੇ ਕਈ ਕਰੋੜਾਂ ਦੇ ਕਰਜੇ ਮਾਫ ਕਰਨ ਵਿੱਚ ਭੋਰਾ ਦੇਰ ਨਹੀਂ ਕਰਦੀਆਂ ਉਹ ਆਮ ਲੋਕਾਂ ਨੂੰ ਮੁਸੀਬਤ ਵੇਲ਼ੇ ਰਸਦ-ਪਾਣੀ, ਰਿਹਾਇਸ਼ ਤੱਕ ਦੀਆਂ ਸਹੂਲਤਾਂ ਦੇਣ ਤੋਂ ਵੀ ਟਾਲ਼ਾ ਵੱਟ ਜਾਂਦੀਆਂ ਹਨ।

ਬਿਹਾਰ ਵਿੱਚ ਹੜ੍ਹਾਂ ਦੀਆਂ ਘਟਨਾਵਾਂ ਕੋਈ ਜੱਗੋਂ ਤੇਰਵੀਂ ਗੱਲ ਨਹੀਂ ਹਨ ਸਗੋਂ ਇਹ ਉੱਥੇ ਲੱਗਭੱਗ ਹਰ ਸਾਲ ਵਾਪਰਦੀਆਂ ਹਨ। ਖੁਦ ਸਰਕਾਰੀ ਅੰਕੜਿਆਂ ਅਨੁਸਾਰ ਭਾਰਤ ਦੇ ਕੁੱਲ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚੋਂ 17.2% ਸਿਰਫ ਬਿਹਾਰ ਵਿੱਚ ਹਨ। ਪਿਛਲੇ ਦਹਾਕੇ ਵਿੱਚ ਹੜ੍ਹਾਂ ਕਰਕੇ ਬਿਹਾਰ ਵਿੱਚ 2300 ਲੋਕਾਂ ਦੀ ਮੌਤ ਹੋਈ ਤੇ ਕਰੋੜਾਂ ਰੁਪਏ ਦੀ ਫਸਲ ਬਰਬਾਦ ਹੋਈ। 1954 ਵਿੱਚ ਕੌਮੀ ਹੜ੍ਹ ਕੰਟਰੋਲ ਲਈ ਨੀਤੀ ਵਾਸਤੇ ਯੂਨੀਅਨ ਸਰਕਾਰ ਨੇ ਜੋ ਅੰਕੜੇ ਇਕੱਠੇ ਕੀਤੇ ਸਨ ਉਹ ਦਿਖਾਉਂਦੇ ਨੇ ਕਿ ਉਸ ਸਾਲ ਬਿਹਾਰ ਵਿੱਚ ਕੁੱਲ 25 ਲੱਖ ਹੈਕਟੇਅਰ ਹੜ੍ਹ ਸੰਭਾਵਤ ਇਲਾਕਾ ਸੀ। ਸਰਕਾਰੀ ਅੰਕੜਿਆਂ ਅਨੁਸਾਰ ਇਹ ਹੁਣ ਵਧਕੇ 68 ਲੱਖ ਹੈਕਟੇਅਰ ਹੋ ਚੁੱਕਾ ਹੈ। ਸਰਕਾਰੀ ਸੂਤਰਾਂ ਅਨੁਸਾਰ ਹੀ ਬਿਹਾਰ ਵਿੱਚ ਬਾਰਾਂਮਾਹੀ ਵਗਣ ਵਾਲ਼ੇ ਅੱਠ ਦਰਿਆ ਤੇ 600 ਮੌਸਮੀ ਦਰਿਆ ਹਨ ਜਿਹਨਾਂ ਕਰਕੇ ਹੜ੍ਹਾਂ ਦਾ ਖਤਰਾ ਹਮੇਸ਼ਾ ਹੀ ਬਣਿਆ ਰਹਿੰਦਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਬਿਹਾਰ ਵਿੱਚ ਹੜ੍ਹਾਂ ਦਾ ਵੱਡਾ ਕਾਰਨ ਕੋਸੀ ਦਰਿਆ ਹੈ। ਇਹ ਉਹਨਾਂ ਦਰਿਆਵਾਂ ਵਿੱਚੋਂ ਹੈ ਜੋ ਬੜੀ ਤੇਜੀ ਨਾਲ਼ ਆਪਣਾ ਵਹਿਣ ਬਦਲਦੇ ਹਨ ਜਿਸ ਨਾਲ਼ ਹੜ੍ਹ ਦਾ ਖਤਰਾ ਹੋਰ ਵਧਦਾ ਹੈ। ਇਸਦਾ ਮਤਲਬ ਸਾਫ ਹੈ ਕਿ ਦੋਹੇਂ, ਜਾਣੀ ਸੂਬਾ ਤੇ ਯੂਨੀਅਨ ਸਰਕਾਰ, ਨੂੰ ਇਹਨਾਂ ਤੱਥਾਂ ਦੀ ਬਾਖ਼ੂਬੀ ਜਾਣਕਾਰੀ ਹੈ ਪਰ ਨਾ ਤਾਂ ਇਹ ਸਰਕਾਰਾਂ ਇਹਨਾਂ ਮਸਲਿਆਂ ਦੇ ਸਥਾਈ ਹੱਲ ਲਈ ਕੋਈ ਕਾਰਗਰ ਕਦਮ ਲੈ ਰਹੀਆਂ ਹਨ ਤੇ ਨਾ ਹੀ ਲੋਕਾਂ ਦੀ ਸੁਰੱਖਿਆ, ਬੁਨਿਆਦੀ ਸਹੂਲਤਾਂ ਦੀ ਰਸਾਈ ਲਈ ਅਗਾਊਂ ਕੋਈ ਤਿਆਰੀ ਕਰਦੀਆਂ ਹਨ।

ਹਰ ਸਾਲ ਹੜ੍ਹ ਆਉਣ ਉੱਤੇ ਵੱਡੇ-ਵੱਡੇ ਦਾਅਵੇ ਕੀਤੇ ਜਾਂਦੇ ਹਨ ਜਿਹਨਾਂ ਦਾ ਜਮੀਨੀ ਪੱਧਰ ਉੱਤੇ ਇਹਨਾਂ ਸਰਕਾਰਾਂ ਦੀ ਕਾਰਗੁਜਾਰੀ ਨਾਲ਼ ਦੂਰ-ਦੂਰ ਤੱਕ ਰਿਸ਼ਤਾ ਨਹੀਂ ਹੁੰਦਾ। ਭੂ-ਵਿਗਿਆਨ ਦੇ ਕਈ ਮਾਹਰ ਵਾਰ-ਵਾਰ ਯੂਨੀਅਨ ਸਰਕਾਰ ਨੂੰ ਇਹ ਸੁਝਾਅ ਦੇ ਚੁੱਕੇ ਹਨ ਕਿ ਬਿਹਾਰ ਵਿੱਚ ਹੜ੍ਹਾਂ ਨੂੰ ਰੋਕਣ ਲਈ ਸਿਰਫ ਸੂਬਾ ਪੱਧਰ ਉੱਤੇ ਹੀ ਨਹੀਂ ਸਗੋਂ ਇੱਕ ਵਿਆਪਕ ਨੀਤੀ ਦੀ ਲੋੜ ਹੈ ਕਿਉਂਕਿ ਬਿਹਾਰ ਵਿੱਚ ਹੜ੍ਹਾਂ ਲਈ ਜਿੰਮੇਵਾਰ ਕੋਸੀ ਦਰਿਆ ਵਰਗੇ ਦਰਿਆ ਦਾ ਮੁੱਢ ਹਿਮਾਲਿਆ ਪਹਾੜਾਂ ਵਿੱਚੋਂ ਹੁੰਦਾ ਹੈ। ਮਾਹਿਰਾਂ ਦਾ ਇਹ ਵੀ ਕਹਿਣਾ ਹੈ ਕਿ ਹੜ੍ਹਾਂ ਨੂੰ ਰੋਕਣ ਲਈ ਯੂਨੀਅਨ ਸਰਕਾਰ ਦੀ ਪੁਰਾਣੀ ਨੀਤੀ ਅਸਫਲ ਸਾਬਤ ਹੋਈ ਹੈ (ਜੋ ਨਿਰੋਲ ਦਰਿਆ ਕਿਨਾਰੇ ਬੰਨ੍ਹ ਬਣਾਉਣ ਤੱਕ ਸੀਮਤ ਹੈ ਪਰ ਯੂਨੀਅਨ ਸਰਕਾਰ ਇਸ ਲਈ ਕੋਈ ਸਟੀਕ, ਠੋਸ ਨੀਤੀ ਨਹੀਂ ਬਣਾ ਰਹੀ (ਇਸ ਨੂੰ ਲਾਗੂ ਕਰਨਾ ਤਾਂ ਹਾਲੇ ਬਹੁਤ ਦੂਰ ਦੀ ਗੱਲ ਹੈ)। ਇਤਿਹਾਸ ਦੱਸਦਾ ਹੈ ਕਿ ਕਿਵੇਂ ਪੁਰਾਣੇ ਚੀਨ ਵਿੱਚ ਇਸ ਤੋਂ ਕਿਤੇ ਵੱਡੇ ਤੇ ਮਾਰੂ ਹੜ੍ਹ ਆਉਂਦੇ ਸਨ ਪਰ 1949 ਵਿੱਚ ਇਨਕਲਾਬ ਤੋਂ ਬਾਅਦ ਸਮਾਜਵਾਦੀ ਸੱਤਾ (ਜੋ 1976 ਤੱਕ ਰਹੀ) ਨੇ ਵੱਡੇ-ਵੱਡੇ ਦਰਿਆਵਾਂ ਨੂੰ ਤੇ ਇਹਨਾਂ ਦੀ ਤਬਾਹੀ 'ਤੇ ਪੂਰੀ ਤਰ੍ਹਾਂ ਕਾਬੂ ਪਾ ਲਿਆ। ਪਰ ਐਧਰ ਅਜਾਦੀ ਦੇ 77 ਸਾਲਾਂ ਮਗਰੋਂ ਵੀ ਅਜਿਹੀਆਂ ਕੁਦਰਤੀ ਆਫਤਾਂ ਹਰ ਸਾਲ ਭਾਰੀ ਤਬਾਹੀ ਦਾ ਸਬੱਬ ਬਣ ਰਹੀਆਂ ਹਨ।



ਸਰਕਾਰ ਦਾ ਪਾਲਤੂ ਮੀਡੀਆ ਹੜ੍ਹਾਂ ਨੂੰ ਨਿਰੋਲ ਕੁਦਰਤੀ ਕਾਰਨਾਂ ਤੱਕ ਸੀਮਤ ਕਰ ਦਿੰਦਾ ਹੈ। ਕੋਸੀ ਦਰਿਆ ਦੇ ਵਹਿਣ ਨੂੰ ਹੀ ਲੋਕਾਂ ਦੇ ਦੁੱਖਾਂ, ਤਕਲੀਫਾਂ ਦਾ ਕਾਰਨ ਦੱਸਿਆ ਜਾਂਦਾ ਹੈ। ਕੋਸੀ ਦਰਿਆ ਨੂੰ 'ਬਿਹਾਰ ਦਾ ਦੁੱਖ' ਕਹਿਕੇ ਬੁੱਤਾ ਸਾਰ ਦਿੱਤਾ ਜਾਂਦਾ ਹੈ। ਸਹਿਜੇ ਹੀ ਇਹ ਖਿਆਲ ਆਉਂਦਾ ਹੈ ਕਿ ਅਜਿਹੇ ਦਰਿਆ ਹਮੇਸ਼ਾ ਹੀ ਆਮ ਲੋਕਾਈ ਲਈ ਹੀ ਦੁੱਖ ਦਾ ਸਰੋਤ ਕਿਉਂ ਬਣਦੇ ਹਨ? ਅਸਲ ਵਿੱਚ ਕੋਸੀ ਦਰਿਆ ਜਾਂ ਹੋਰ ਦਰਿਆਵਾਂ ਕਰਕੇ ਆਏ ਹੜ੍ਹ ਬਿਹਾਰ ਦੇ ਲੋਕਾਂ ਦੇ ਦੁੱਖਾਂ ਦੀ ਜੜ੍ਹ ਨਹੀਂ। 'ਬਿਹਾਰ ਦਾ ਦੁੱਖ' ਕੋਸੀ ਦਰਿਆ ਨਹੀਂ ਸਗੋਂ ਇਹ ਸਰਮਾਏਦਾਰਾ ਢਾਂਚਾ ਹੈ ਜਿੱਥੇ ਆਮ ਲੋਕਾਂ ਨੂੰ ਨੁਕਸਾਨ ਪਹੁੰਚਾਉਣ ਵਾਲ਼ੀਆਂ ਕੁਦਰਤੀ ਆਫਤਾਂ ਨੂੰ ਕਾਬੂ ਕਰਨ ਲਈ ਵੀ ਸਰਕਾਰਾਂ ਕੋਲ਼ ਫੰਡ ਨਹੀਂ ਜਦਕਿ ਜੇ ਮਸਲਾ ਵੱਡੇ ਸਰਮਾਏਦਾਰਾਂ ਦਾ ਬਣੇ ਤਾਂ ਤੁਰੰਤ ਸਰਕਾਰੀ ਖਜਾਨੇ ਦੇ ਮੂੰਹ ਖੋਲ੍ਹ ਦਿੱਤੇ ਜਾਂਦੇ ਹਨ। ਇੱਕ ਪਾਸੇ ਵੱਡੇ-ਵੱਡੇ ਪ੍ਰੋਜੈਕਟ ਲਾਉਣ ਲਈ ਧਰਤੀ ਹੇਠ ਹਜਾਰਾਂ ਫੁੱਟ ਤੱਕ ਸੋਨੇ ਲਈ ਖੁਦਾਈ ਕੀਤੀ ਜਾਂਦੀ ਹੈ, ਪੁਲਾੜ ਵਿੱਚ ਸੈਟੇਲਾਈਟ ਆਦਿ ਛੱਡੇ ਜਾਂਦੇ ਹਨ, ਹੋਰ ਤਾਂ ਹੋਰ ਧਨਾਢ ਲੋਕ ਅੱਜਕੱਲ੍ਹ ਕਰੋੜਾਂ ਰੁਪਿਆ ਫੂਕ ਕੇ ਪੁਲਾੜ ਯਾਤਰਾਵਾਂ 'ਤੇ ਵੀ ਜਾ ਰਹੇ ਹਨ ਪਰ ਦੂਜੇ ਪਾਸੇ ਆਮ ਲੋਕਾਈ ਦੀ ਰਾਖੀ ਲਈ ਬੁਨਿਆਦੀ ਕਦਮ ਵੀ ਨਹੀਂ ਚੁੱਕੇ ਜਾਂਦੇ ਤੇ ਲੋਕਾਂ ਨੂੰ ਆਪਣੇ ਹਾਲ 'ਤੇ ਛੱਡ ਦਿੱਤਾ ਜਾਂਦਾ ਹੈ। ਇੱਥੋਂ ਸਾਬਤ ਹੁੰਦਾ ਹੈ ਕਿ ਇਸ ਪ੍ਰਬੰਧ ਵਿੱਚ, ਬਿਹਾਰ ਦੇ ਮਾਮਲੇ ਸਮੇਤ, ਬੁਨਿਆਦੀ ਕਾਰਨ ਕੁਦਰਤ ਦਾ ਅਖੌਤੀ ਕਹਿਰ ਨਹੀਂ, ਨਾ ਹੀ ਤਕਨੀਕ ਦੀ ਸੀਮਤਾਈ ਹੈ ਸਗੋਂ ਇਹ ਲੋਕ ਦੋਖੀ ਢਾਂਚਾ ਹੈ ਜਿੱਥੇ ਸਰਕਾਰਾਂ ਮੁਸੀਬਤ ਵੇਲ਼ੇ ਲੋਕਾਂ ਨੂੰ ਆਪਣੇ ਹਾਲ ਛੱਡ ਦਿੰਦੀਆਂ ਹਨ। ਇਸ ਪ੍ਰਬੰਧ ਵਿੱਚ ਹਾਕਮਾਂ ਲਈ ਆਮ ਲੋਕਾਂ ਦੀ ਜਾਨ ਬਚਾਉਣਾ ਵੀ ਵਾਧੂ ਬੋਝ ਹੀ ਗਿਣਿਆ ਜਾਂਦਾ ਹੈ। ਅੱਜ ਬਿਹਾਰ ਦੇ ਲੋਕਾਂ ਨੂੰ ਹੜ੍ਹ ਸਮੇਂ ਬੁਨਿਆਦੀ ਸਹੂਲਤਾਂ ਲਈ ਸੜਕਾਂ ਉੱਤੇ ਉੱਤਰਨਾ ਪਿਆ ਹੈ। ਪਰ ਸਾਲਾਂ-ਸਾਲ ਮੱਚਣ ਵਾਲ਼ੀ ਇਸ ਤਬਾਹੀ ਤੋਂ ਨਿਜਾਤ ਪਾਉਣ ਲਈ ਸਥਾਨਕ ਲੋਕਾਂ ਨੂੰ ਲੋਟੂ ਹਾਕਮਾਂ ਖਿਲਾਫ ਲੰਬੀ ਜੱਦੋ-ਜਹਿਦ ਕਰਨੀ ਪੈਣੀ ਹੈ।

# ਭਾਰਤ ਚੋਣ ਕਮਿਸ਼ਨ ਵੱਲੋਂ ਜ਼ਿਮਨੀ ਚੋਣ ਡੇਰਾ ਬਾਬਾ ਨਾਨਕ ਲਈ ਜਨਰਲ ਨਿਗਰਾਨ, ਪੁਲਿਸ ਨਿਗਰਾਨ ਅਤੇ ਖਰਚਾ ਨਿਗਰਾਨ ਨਿਯੁਕਤ

ਗੁਰਦਾਸਪੁਰ-ਨਵਨੀਤ ਕੁਮਾਰ -
ਭਾਰਤ ਚੋਣ ਕਮਿਸ਼ਨ ਵੱਲੋਂ ਜ਼ਿਮਨੀ ਚੋਣ ਡੇਰਾ ਬਾਬਾ ਨਾਨਕ ਲਈ ਜਨਰਲ ਨਿਗਰਾਨ (ਆਬਜ਼ਰਵਰ), ਪੁਲਿਸ ਨਿਗਰਾਨ ਅਤੇ ਖਰਚਾ ਨਿਗਰਾਨ ਨਿਯੁਕਤ ਕੀਤੇ ਗਏ ਹਨ, ਜੋ ਨਿਰਪੱਖ ਅਤੇ ਪਾਰਦਰਸ਼ੀ ਚੋਣ ਨੂੰ ਯਕੀਨੀ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਣ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਗੁਰਦਾਸਪੁਰ, ਸ਼੍ਰੀ ਉਮਾ ਸ਼ੰਕਰ ਗੁਪਤਾ ਨੇ ਦੱਸਿਆ ਕਿ ਜ਼ਿਮਨੀ ਚੋਣ ਡੇਰਾ ਬਾਬਾ ਨਾਨਕ ਲਈ, ਸ਼੍ਰੀ ਅਜੇ ਸਿੰਘ ਤੋਮਰ, ਆਈ.ਏ.ਐਸ. 2012, ਜਨਰਲ ਆਬਜ਼ਰਵਰ ਨਿਯੁਕਤ ਕੀਤੇ ਗਏ ਹਨ। ਪੀਡਬਲਿਊਡੀ ਰੈਸਟ ਹਾਊਸ ਗੁਰਦਾਸਪੁਰ ਦੇ ਕਮਰਾ ਨੰ 1 ਵਿੱਚ ਠਹਿਰਨਗੇ। ਇਥੇ ਸਵੇਰੇ 9 ਵਜ਼ੇ ਤੋਂ 10 ਵਜ਼ੇ ਤੱਕ ਜ਼ਿਮਨੀ ਚੋਣ ਡੇਰਾ ਬਾਬਾ ਨਾਨਕ ਦੇ ਸਬੰਧ ਵਿੱਚ ਲੋਕਾਂ ਨੂੰ ਮਿਲਣਗੇ। ਜ਼ਿਮਨੀ ਚੋਣ ਡੇਰਾ ਬਾਬਾ ਨਾਨਕ ਦੇ ਸਬੰਧ ਵਿੱਚ 01874-295324, 84272-03794 ਜਾਂ ਈਮੇਲ ਆਈ ਡੀ Byelection20240gmail.com ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜ਼ਿਮਨੀ ਚੋਣ ਡੇਰਾ ਬਾਬਾ ਨਾਨਕ ਲਈ, ਸ਼੍ਰੀ ਪੀ.ਪਚਿਯੱਪਨ, ਆਈ.ਆਰ.ਐਸ.(ਆਈ.ਟੀ) 2016, ਖਰਚਾ ਆਬਜ਼ਰਵਰ ਨਿਯੁਕਤ ਕੀਤੇ ਗਏ ਹਨ। ਪੀਡਬਲਿਊਡੀ ਰੈਸਟ ਹਾਊਸ ਗੁਰਦਾਸਪੁਰ



ਦੇ ਕਮਰਾ ਨੰ 2 ਵਿੱਚ ਠਹਿਰਨਗੇ। ਜ਼ਿਮਨੀ ਚੋਣ ਡੇਰਾ ਬਾਬਾ ਨਾਨਕ ਦੇ ਸਬੰਧ ਵਿੱਚ 01874-295324,76528- 03794 ਜਾਂ ਈਮੇਲ ਆਈ ਡੀ ByelectionB@BD@gmail.com ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜ਼ਿਮਨੀ ਚੋਣ ਡੇਰਾ ਬਾਬਾ ਨਾਨਕ ਲਈ, ਸ਼੍ਰੀ ਸਿਧਾਰਥ ਕੌਸ਼ਲ, ਆਈ.ਪੀ.ਐਸ. 2012(89687-92334), ਪੁਲਸ ਆਬਜ਼ਰਵਰ ਨਿਯੁਕਤ ਕੀਤੇ ਗਏ ਹਨ। ਬੀ.ਐਸ.ਐਫ. ਗੁਰਦਾਸਪੁਰ ਦੇ ਰੈਸਟ ਹਾਊਸ ਵਿਖੇ ਠਹਿਰਨਗੇ।

# ਟੈਲੈਂਟ ਹੰਟ ਮੁਕਾਬਲਿਆਂ ਵਿੱਚ ਫੇਰ ਐਸ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਗੱਡੇ ਝੰਡੇ

ਅੰਮ੍ਰਿਤਸਰ (ਲੋਕ ਬਾਣੀ)- ਸੰਤ ਸਿੰਘ ਸੁੱਖਾ ਸਿੰਘ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਅੰਮ੍ਰਿਤਸਰ ਦੇ ਵਿਦਿਆਰਥੀਆਂ ਵੱਲੋਂ ਗਲੋਬਲ ਗਰੁੱਪ ਆਫ਼ ਇੰਸਟੀਟਿਊਸ਼ਨ ਅੰਮ੍ਰਿਤਸਰ ਵੱਲੋਂ ਸ੍ਰਿਸ਼ਟੀ ਇੰਟਰ ਸਕੂਲ ਟੈਲੈਂਟ ਹੰਟ ਕੰਪਟੀਸ਼ਨ ਵਿੱਚ ਭਾਗ ਲਿਆ ਗਿਆ। ਜਿਸ ਵਿੱਚ ਸਕੂਲ ਦੀਆਂ 10 ਟੀਮਾਂ ਨੇ ਹਿੱਸਾ ਲਿਆ। ਜਿੰਨਾ ਵਿੱਚੋਂ ਸਕੂਲ ਦੀ ਗਿੱਧੇ ਦੀ ਟੀਮ ਨੇ ਪਹਿਲਾ ਸਥਾਨ ਹਾਸਿਲ ਕੀਤਾ, ਫੇਸ ਪੇਂਟਿੰਗ ਵਿੱਚ ਪਲਕਪ੍ਰੀਤ ਤੇ ਸਾਨਵੀ ਨੇ 25 ਤੋਂ ਵੱਧ ਸਕੂਲਾਂ ਵਿੱਚੋਂ ਪਹਿਲੇ ਸਥਾਨ ਤੇ ਰਹੀਆਂ। ਗਰੁੱਪ ਡਿਸਕਸ਼ਨ ਵਿੱਚ ਰਿਧੀਮਾ,ਯੁਵੀਕਾ,ਸਾਨੀਆ ਤੇ ਤਮੀਸ਼ਾ ਪਹਿਲੇ ਸਥਾਨ ਤੇ ਰਹੀਆਂ। ਪੋਸਟਰ ਮੇਕਿੰਗ ਵਿੱਚ +2 ਆਰਟਸ ਦੀ ਇਸ਼ਾ ਨੇ ਪਹਿਲਾ ਸਥਾਨ ਹਾਸਿਲ ਕੀਤਾ। ਸਾਇੰਸ ਵਰਕਿੰਗ ਮਾਡਲ ਪੂਰੇ ਅੰਮ੍ਰਿਤਸਰ ਤੇ ਗੁਰਦਾਸਪੁਰ ਜ਼ਿਲੇ ਵਿੱਚੋਂ ਦੂਸਰੇ ਸਥਾਨ ਤੇ ਰਿਹਾ। ਜਿਸ ਵਿੱਚ ਆਕਾਸ਼ਪ੍ਰੀਤ ਸਿੰਘ , ਆਰਿਅਨ ਤੇ ਕਾਰਤਿਕ ਸ਼ਰਮਾ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਜਸਟ ਇੰਨ ਮਿੰਨਟ ਵਿਚ ਖੁਸ਼ਪ੍ਰੀਤ ਕੌਰ 25 ਤੋਂ ਵੱਧ ਸਕੂਲਾਂ ਵਿੱਚੋਂ ਦੂਜੇ ਦਰਜ਼ੇ ਤੇ ਰਹੀ। ਸਾਇੰਸ ਕਵਿਜ਼ ਵਿੱਚ ਰਮਨ ਅਤੇ ਸਾਰੀਕਾ ਦੂਸਰੇ ਸਥਾਨ ਤੇ ਰਹੀਆਂ,ਡੰਬ ਸ਼ਿਰਾਜ਼ ਵਿਚ ਪਲਕ ਤੇ ਈਸ਼ੀਕਾ ਦੂਸਰੇ ਸਥਾਨ ਤੇ ਰਹੀਆ।



ਇਹਨਾਂ ਮੁਕਾਬਲਿਆਂ ਵਿੱਚ ਚਾਰ ਗੋਲਡ ਤੇ ਚਾਰ ਸਿਲਵਰ ਮੈਡਲਾਂ ਨਾਲ ਸੰਤ ਸਿੰਘ ਸੁੱਖਾ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਓਵਰਆਲ ਵਿਨਰ ਘੋਸ਼ਿਤ ਹੋਇਆ ਤੇ ਪਹਿਲੇ ਦਰਜ਼ੇ ਦੀ ਟਰੋਫੀ ਨਾਲ ਸਨਮਾਨਿਤ ਕੀਤਾ ਗਿਆ। ਇਸ ਦੀ ਤਿਆਰੀ ਵਿੱਚ ਸ. ਸਿਮਰਨਜੀਤ ਸਿੰਘ, ਮਿਸ ਮਹਿਕ ਮਹਾਜਨ, ਮਿਸ ਰਜਨੀ ਤੇ ਮਿਸ ਨਵਜੀਤ ਕੌਰ ਦੀ ਕਰਵਾਈ ਮਿਹਨਤ ਰੰਗ ਲਿਆਈ। ਸੰਸਥਾ ਦੇ ਪ੍ਰਿੰਸੀਪਲ ਡਾ. ਗੁਰਰਤਨ ਸਿੰਘ ਜੀ ਨੇ ਸਾਰੇ ਜੇਤੂ ਵਿਦਿਆਰਥੀਆਂ ਤੇ ਉਹਨਾਂ ਨੂੰ ਤਿਆਰੀ ਕਰਵਾਉਣ ਵਾਲੇ ਅਧਿਆਪਕਾਂ ਨੂੰ ਮੁਬਾਰਕਾਂ ਦਿੱਤੀਆਂ ਕਿ ਉਹਨਾਂ ਨੇ ਸਕੂਲ ਦਾ ਨਾਮ ਰੋਸ਼ਨ ਕੀਤਾ ।ਇਸ ਮੌਕੇ ਤੇ ਸੰਸਥਾ ਦੇ ਡਾਇਰੈਕਟਰ ਜਗਦੀਸ਼ ਸਿੰਘ ਜੀ ਵੱਲੋਂ ਸਕੂਲ ਦੇ ਪ੍ਰਿੰਸੀਪਲ ਤੇ ਤਿਆਰੀ ਕਰਵਾਉਣ ਵਾਲੇ ਅਧਿਆਪਕ ਸਾਹਿਬਾਨ ਤੇ ਜੇਤੂ ਵਿਦਿਆਰਥੀਆਂ ਨੂੰ

# ਪੰਜਾਬ ਸਰਕਾਰ ਝੋਨੇ ਦੇ ਇੱਕ ਇੱਕ ਦਾਣੇ ਦੀ ਖਰੀਦ ਅਤੇ ਲਿਫਟਿੰਗ ਲਈ ਵਚਨਬੱਧ : ਚੇਅਰਮੈਨ ਰਾਜਵੰਤ ਸਿੰਘ ਘੁੱਲੀ

ਸ਼ੇਰਪੁਰ (ਲੋਕ ਬਾਣੀ) ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪੰਜਾਬ ਸਾਰੀਆਂ ਮੰਡੀਆਂ ਵਿੱਚੋਂ ਝੋਨੇ ਦੇ ਇੱਕ ਇੱਕ ਦਾਣੇ ਦੀ ਖਰੀਦ ਕੀਤੀ ਜਾਵੇਗੀ ਉਥੇ ਕਿਸਾਨਾਂ ਨੂੰ ਲਿਫਟਿੰਗ ਵਿੱਚ ਵੀ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ। ਇਸ ਲਈ ਸਰਕਾਰ ਪੂਰੀ ਤਰ੍ਹਾਂ ਵਚਨਬੱਧ ਹੈ।

ਇਨਾ ਵਿਚਾਰਾਂ ਦਾ ਪ੍ਰਗਟਾਵਾ ਮਾਰਕੀਟ ਕਮੇਟੀ ਧੂਰੀ ਦੇ ਚੇਅਰਮੈਨ ਅਤੇ ਮੁੱਖ ਮੰਤਰੀ ਦਫਤਰ ਦੇ ਓਐਸਡੀ ਸਰਦਾਰ ਰਾਜਵੰਤ ਸਿੰਘ ਘੁੱਲੀ ਨੇ ਅਨਾਜ ਮੰਡੀ ਕਲੇਰਾਂ ਵਿਖੇ ਝੋਨੇ ਦੀ ਬੋਲੀ ਲਾਉਣ ਸੰਬੰਧੀ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਹਨਾਂ ਕਿਹਾ ਹੈ ਕਿ ਵਿਰੋਧੀ ਧਿਰ ਵੱਲੋਂ ਬੇਤੁਕੇ ਬਿਆਨ ਲਗਾ ਕੇ ਸਰਕਾਰ ਨੂੰ ਭੰਡਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਦੋਂ ਕਿ ਮੰਡੀਆਂ ਵਿੱਚ ਝੋਨੇ ਦੀ ਫਸਲ ਦੀ ਬੋਲੀ ਅਤੇ ਲਗਾਤਾਰ ਲਿਫਟਿੰਗ ਵੀ ਕੀਤੀ ਜਾ ਰਹੀ ਹੈ।



ਉਹਨਾਂ ਦੱਸਿਆ ਕਿ ਕਿਸਾਨਾਂ ਨੂੰ ਝੋਨੇ ਦੀ ਫਸਲ ਦਾ ਘੱਟੋ ਘੱਟ ਸਮਰਥਨ ਮੁੱਲ ਮਿਲਣਾ ਯਕੀਨੀ ਬਣਾਉਣ, ਐਮ.ਐਸ.ਪੀ ਤੋਂ ਘੱਟ ਖਰੀਦ ਕਿਸੇ ਕੀਮਤ ਤੇ ਨਾ ਹੋਣ ਦੇਣ, ਕਿਸਾਨਾਂ ਵੱਲੋਂ ਲਿਆਂਦੇ ਜਾਣ ਵਾਲੇ ਸੁੱਕੇ ਝੋਨੇ ਦੀ ਸਰਕਾਰੀ ਖਰੀਦ ਏਜੰਸੀਆਂ ਵੱਲੋਂ ਨਾਲੋ ਨਾਲ ਖਰੀਦ ਕਰਨ, ਜ਼ਿਲ੍ਹੇ ਦੀਆਂ ਸਾਰੀਆਂ ਹੀ ਅਨਾਜ ਮੰਡੀਆਂ ਵਿੱਚ ਬਾਸਮਤੀ ਅਤੇ ਝੋਨਾ ਗਰੇਡ ਵੰਨ ਦੀ ਖਰੀਦ ਪ੍ਰਕਿਰਿਆ ਸੁਚਾਰੂ ਢੰਗ ਨਾਲ ਚੱਲ ਰਹੀ ਹੈ ਅਤੇ ਸਰਕਾਰੀ ਏਜੰਸੀਆਂ ਦੇ ਜ਼ਿਲ੍ਹਾ ਮੈਨੇਜਰਾਂ ਨੂੰ ਸਖਤ ਦਿਸ਼ਾ ਨਿਰਦੇਸ਼ ਦਿੱਤੇ ਗਏ ਹਨ ਕਿ 17% ਤੋਂ ਘੱਟ ਨਮੀ ਵਾਲੀ ਫਸਲ ਦੀ ਨਾਲੋ ਨਾਲ ਖਰੀਦ ਨੂੰ ਯਕੀਨੀ ਬਣਾਇਆ ਜਾਵੇ। ਉਨਾਂ ਪਲੀਤ ਹੋ ਰਹੇ ਵਾਤਾਵਰਨ ਨੂੰ ਸ਼ੁੱਧ ਅਤੇ ਸਾਫ ਰੱਖਣ ਵਿੱਚ ਉਹਨਾਂ ਦਾ ਸਹਿਯੋਗ ਕਰਨ ਕਿਉਂਕਿ ਪਰਾਲੀ ਦੇ ਨਾੜ ਨੂੰ ਸਾੜਨ ਨਾਲ ਜਿੱਥੇ ਜਮੀਨ ਦੇ ਉਪਜਾਊ ਤੱਤ ਮਰ ਜਾਂਦੇ ਹਨ ਉਥੇ ਹੋਰ ਅਨੇਕਾਂ ਜੀਵ ਜੰਤੂਆਂ ਦਾ ਵੀ ਅਸੀਂ ਨੁਕਸਾਨ ਕਰਦੇ ਹਾਂ। ਇਸ ਲਈ ਸਰਕਾਰੀ ਪੱਧਰ ਤੇ ਪਰਾਲੀ ਨੂੰ ਇਕੱਠਾ ਕਰਨ ਲਈ ਮਸ਼ੀਨਾਂ ਦੇ ਭੁਗਤੇ ਪ੍ਰਬੰਧ ਕੀਤੇ ਗਏ ਹਨ। ਇਸ ਮੌਕੇ ਉਨਾਂ ਨਾਲ ਇਲਾਕੇ ਦੀ ਧਾਰਮਿਕ ਸ਼ਖਸ਼ੀਅਤ ਅਤੇ ਨਵੇਂ ਬਣੇ ਸਰਪੰਚ ਬਾਬਾ ਜਗਜੀਤ ਸਿੰਘ ਕਲੇਰਾਂ,ਸਾਬਕਾ ਸਰਪੰਚ ਤਰਸੇਮ ਸਿੰਘ, ਬਿੱਕਰ ਸਿੰਘ ਸਾਬਕਾ ਪੰਚ, ਅਵਤਾਰ ਸਿੰਘ ਸਾਬਕਾ ਪੰਚ, ਨਰਿੰਦਰ ਪਾਲ ਸਿੰਘ, ਪਵਿਤਰ ਸਿੰਘ, ਸਿੰਗਰਾ ਸਿੰਘ, ਆਮ ਆਦਮੀ ਪਾਰਟੀ ਇਕਾਈ ਪ੍ਰਧਾਨ ਜਗਤਾਰ ਸਿੰਘ, ਗੁਰਤੇਜ ਸਿੰਘ, ਸਤਪਾਲ ਸਿੰਘ, ਅਵਤਾਰ ਸਿੰਘ ਔਲਖ,ਸਤਨਾਮ ਸਿੰਘ ਪੰਚ ਜਸਪਾਲ ਸਿੰਘ ਪੰਚ, ਬਲਵੀਰ ਸਿੰਘ, ਅਮਰਜੀਤ ਸਿੰਘ, ਬਲਜਿੰਦਰ ਸਿੰਘ, ਸੁਖਵਿੰਦਰ ਸਿੰਘ, ਨੰਬਰਦਾਰ ਇੰਦਰਜੀਤ ਸਿੰਘ ਚੇਅਰਮੈਨ, ਕੇਵਲ ਸਿੰਘ ਪੰਚ ਘਨੌਰੀ ਕਲਾ, ਚਮਕੌਰ ਸਿੰਘ, ਸੁਰਜੀਤ ਸਿੰਘ, ਗੁਰਮੁੱਖ ਸਿੰਘ ਚਾਂਗਲੀ ਆਦਿ ਸ਼ਖਸ਼ੀਅਤਾਂ ਹਾਜ਼ਰ ਸਨ।

# ਦੀਨਾਨਗਰ ਚ ਪੈਂਦੀ ਅਮਰ ਕਲੋਨੀ ਦੀ ਗਲੀ ਦੀ ਹਾਲਤ ਬਣੀ ਤਰਸ਼ਯੋਗ



**ਕੀ ਕਹਿਣਾ ਹੈ ਨਗਰ ਕੌਂਸਲ ਪ੍ਰਧਾਨ ਨੀਟੂ ਚੋਹਾਨ ਦਾ - -**

ਜਦੋਂ ਇਸ ਸਬੰਧੀ ਨਗਰ ਕੌਂਸਲ ਦੇ ਪ੍ਰਧਾਨ ਨੀਟੂ ਚੋਹਾਨ ਨਾਲ ਸਪੰਰਕ ਕੀਤਾ ਗਿਆ ਤਾਂ ਉਨ੍ਹਾਂ ਦੱਸਿਆ ਕਿ ਮੀਡੀਆ ਥਰੂ ਹੀ ਮੇਰੇ ਧਿਆਨ ਵਿਚ ਇਹ ਮਾਮਲਾ ਆਇਆ ਹੈ ਬਹੁਤ ਜਲਦ ਇਸ ਗਲੀ ਨੂੰ ਬਣਾ ਕੇ ਤਿਆਰ ਕਰ ਦਿੱਤਾ ਜਾਵੇਗਾ।

ਦੀਨਾਨਗਰ (ਡਾ.ਰਮੇਸ਼ ਸਰੰਗਲ ) ਦੀਨਾਨਗਰ ਦੀ ਵਾਰਡ ਨੰਬਰ 3 ਚ ਪੈਂਦੀ ਅਮਰ ਕਲੋਨੀ ਦੀ ਇੱਕ ਗਲੀ ਦੀ ਹਾਲਤ ਅੱਤ ਦੀ ਤਰਸ਼ਯੋਗ ਬਣੀ ਹੋਈ ਹੈ ਜਿਸ ਕਾਰਨ ਇਸ ਗਲੀ ਚ ਕਦੇ ਵੀ ਕੋਈ ਵੱਡਾ ਹਾਦਸਾ ਵਾਪਰ ਸਕਦਾ ਹੈ। ਕਲੋਨੀ ਵਾਸੀਆਂ ਸੁੱਖ ਰਾਣੀ, ਨੇਹਾ, ਰਚਨਾ, ਆਸ਼ਾ ਰਾਣੀ, ਕਵਿਤਾ, ਸੁਨੀਤਾ, ਸੁਲੱਕਸ਼ਣਾ, ਪੂਜਾ, ਅਸ਼ੋਕ ਕੁਮਾਰ ਅਤੇ ਜੋਨੀ ਠਾਕੁਰ ਨੇ ਦੱਸਿਆ ਕਿ ਸਾਡੇ ਘਰਾਂ ਅੱਗੇ ਪੈਂਦੀ ਗਲੀ ਕਾਫੀ ਡੂੰਘੀ ਹੈ ਜਿਸ ਕਰਕੇ ਅਸੀਂ ਸਮੂਹ ਕਲੋਨੀ ਵਾਸੀ ਇਸ ਗਲੀ ਨੂੰ ਬਣਾਉਣ ਲਈ ਕਈ ਵਾਰ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਗੁਹਾਰ ਲਗਾ ਚੁੱਕੇ ਹਾਂ ਪਰ ਵਾਰ ਵਾਰ ਕਹਿਣ ਦੇ ਬਾਵਜੂਦ ਵੀ ਸਾਡੀ ਕੋਈ ਸੁਣਵਾਈ ਨਹੀਂ ਹੋਈ ਜਿਸ ਕਰਕੇ ਸਾਨੂੰ ਮਜਬੂਰਨ ਅੱਜ ਮੀਡੀਆ ਦਾ ਸਹਾਰਾ ਲੈਣਾ ਪਿਆ ਹੈ। ਉਨਾਂ ਕਿਹਾ ਕਿ ਅਸੀਂ ਸਮੂਹ ਕਲੋਨੀ ਵਾਸੀਆਂ ਨੇ ਅੱਜ ਖੁਦ ਪੈਸੇ ਖਰਚ ਕੇ ਆਪਣੇ ਕੋਲੋਂ ਗਲੀ ਚ ਮਿੱਟੀ ਪੁਆ ਕੇ ਗਲੀ ਦਾ ਕੰਮ ਸ਼ੁਰੂ ਕੀਤਾ ਹੈ ਅਤੇ ਨਗਰ ਕੌਂਸਲ ਨੂੰ ਅਪੀਲ ਕੀਤੀ ਹੈ ਕਿ ਜਲਦੀ ਤੋਂ ਜਲਦੀ ਇਸ ਗਲੀ ਤੇ ਕੰਕਰੀਟ ਲਗਾ ਕੇ ਇਸਨੂੰ ਮੁਕੰਮਲ ਕੀਤਾ ਜਾਵੇ।

# ਜਿੰਮ ਤੋਂ ਵਾਪਸ ਆ ਕੇ ਦੁੱਧ ਪੀਣ ਨਾਲ ਕਾਨਪੁਰ ਚ ਇੰਸਪੈਕਟਰ ਦੀ ਮੌਤ, ਪਰਿਵਾਰ ਲਾਸ਼ ਲੈ ਕੇ ਬੁਲੰਦਸ਼ਹਿਰ ਪਹੁੰਚਿਆ।

ਕਾਨਪੁਰ (ਸੁਨੀਲ ਬਾਜਪਾਈ) ਮੌਤ ਕਿਸ ਬਹਾਨੇ ਕਿਸੇ ਨੂੰ ਆਪਣੇ ਨਾਲ ਲੈ ਸਕਦੀ ਹੈ? ਇਹ ਕੋਈ ਨਹੀਂ ਜਾਣਦਾ। ਇਸੇ ਤਰ੍ਹਾਂ ਦੇ ਬਿਆਨਾਂ ਦੀ ਪੁਸ਼ਟੀ ਇਕ ਇੰਸਪੈਕਟਰ ਦੇ ਮਾਮਲੇ ਵਿਚ ਵੀ ਹੋਈ ਸੀ, ਜਿਸ ਦੀ ਜਿੰਮ ਤੋਂ ਵਾਪਸ ਆ ਕੇ ਦੁੱਧ ਪੀ ਕੇ ਮੌਤ ਹੋ ਗਈ ਸੀ। ਪੁਲਿਸ ਨੇ ਡਾਕਟਰਾਂ ਦੇ ਹਵਾਲੇ ਨਾਲ ਦਿਲ ਦਾ ਦੌਰਾ ਦੱਸਿਆ।



ਜਾਣਕਾਰੀ ਮੁਤਾਬਕ ਘਟਨਾ ਦੇ ਸਮੇਂ ਇੰਸਪੈਕਟਰ ਜਿੰਮ ਤੋਂ ਕਸਰਤ ਕਰਕੇ ਘਰ ਪਰਤਿਆ ਸੀ। ਜਿਸ ਨੂੰ ਦੁੱਧ ਪੀਣ ਤੋਂ ਬਾਅਦ ਛਾਤੀ ਚ ਦਰਦ ਹੋਣ ਲੱਗਾ। ਜਿਸ ਕਾਰਨ ਘਰ ਦੇ ਸਾਰੇ ਲੋਕ ਪ੍ਰੇਸ਼ਾਨ ਹੋ ਗਏ। ਪਤਨੀ ਨੇ ਇਸ ਬਾਰੇ ਆਪਣੇ ਸਾਥੀ ਇੰਸਪੈਕਟਰ ਨੂੰ ਸੂਚਿਤ ਕੀਤਾ। ਇੰਸਪੈਕਟਰ ਨੂੰ ਤੁਰੰਤ ਕਾਰਡੀਓਲੋਜੀ ਲੈ ਜਾਇਆ ਗਿਆ। ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ, ਇਸ ਘਟਨਾ ਨਾਲ ਉਸ ਦੇ ਪਰਿਵਾਰ ਚ ਹੜਕੰਪ ਮੱਚ ਗਿਆ। ਸੂਚਨਾ ਮਿਲਦੇ ਹੀ ਪੁਲਿਸ ਦੇ ਉੱਚ ਅਧਿਕਾਰੀ ਮੌਕੇ ਤੇ ਪਹੁੰਚ ਗਏ। ਘਟਨਾ ਦੀ ਸੂਚਨਾ ਮਿਲਦੇ ਹੀ ਏ.

ਇੱਥੋਂ ਦੇ ਕਾਕਾਦੇਵ ਥਾਣਾ ਚ ਤਾਇਨਾਤ ਇੰਸਪੈਕਟਰ ਵਿਸ਼ਨੂੰ ਕੁਮਾਰ ਸ਼ਰਮਾ ਵਾਸੀ ਆਲਮਪੁਰ ਜਰੀਆ, ਬੁਲੰਦਸ਼ਹਿਰ ਪੀ-ਰੋਡ ਤੇ ਸਥਿਤ ਵਿਜੇ ਟਾਵਰ ਅਪਾਰਟਮੈਂਟ ਚ ਰਹਿੰਦਾ ਸੀ।

ਘਟਨਾ ਤੋਂ ਕੁਝ ਸਮਾਂ ਪਹਿਲਾਂ ਹੀ ਉਹ ਜਿਮ ਤੋਂ ਵਾਪਸ ਆਇਆ ਸੀ। ਇਸ ਤੋਂ ਬਾਅਦ ਉਸ ਨੇ ਦੁੱਧ ਪੀਤਾ, ਜਿਸ ਨੂੰ ਪੀਣ ਤੋਂ ਬਾਅਦ ਉਸ ਦੀ ਸਿਹਤ ਵੀ ਵਿਗੜ ਗਈ। ਇਹ ਦੇਖ ਕੇ ਉਸ ਦੇ ਨਾਲ ਰਹਿੰਦਾ ਸਬ-ਇੰਸਪੈਕਟਰ ਉਸ ਨੂੰ ਸਿਸਾਮਊ ਥਾਣੇ ਦੀ ਪੁਲੀਸ ਗੱਡੀ ਵਿੱਚ ਕਾਰਡੀਓਲੋਜੀ ਲੈ ਗਿਆ। ਜਿੱਥੇ ਡਾਕਟਰ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਇਸ ਤੋਂ ਬਾਅਦ ਬੁਲੰਦਸ਼ਹਿਰ ਚ ਰਹਿੰਦੇ ਆਪਣੇ ਮਾਤਾ-ਪਿਤਾ ਨੂੰ ਸੂਚਨਾ ਦੇਣ ਦੇ ਨਾਲ-ਨਾਲ ਜ਼ਿਲਾ ਮੈਜਿਸਟ੍ਰੇਟ ਦੀ ਇਜਾਜ਼ਤ ਤੋਂ ਬਾਅਦ ਰਾਤ ਚ ਹੀ ਲਾਸ਼ ਦਾ ਪੋਸਟਮਾਰਟਮ ਕਰਵਾਇਆ ਗਿਆ। ਘਟਨਾ ਦੀ ਸੂਚਨਾ ਮਿਲਦੇ ਹੀ ਪਤਨੀ ਦੀ ਹਾਲਤ ਖਰਾਬ ਹੋ ਗਈ। ਉਦੋਂ ਤੱਕ ਮਾਪੇ ਵੀ ਬੁਲੰਦਸ਼ਹਿਰ ਤੋਂ ਪਹੁੰਚ ਚੁੱਕੇ ਸਨ। ਪੁਲਿਸ ਲਾਈਨ ਵਿਖੇ ਸ਼ਹੀਦ ਹੋਏ ਵਿਸ਼ਨੂੰ ਕੁਮਾਰ ਸ਼ਰਮਾ ਨੂੰ ਹੰਝੂ ਭਰੀਆਂ ਅੱਖਾਂ ਨਾਲ ਅੰਤਿਮ ਸਲਾਮੀ ਦਿੱਤੀ ਗਈ । ਇੱਥੋਂ ਉਸ ਦੇ ਪਿਤਾ ਨਰੇਸ਼ ਚੰਦਰ ਸ਼ਰਮਾ ਅਤੇ ਹੋਰ ਪਰਿਵਾਰਕ ਮੈਂਬਰ ਲਾਸ਼ ਨੂੰ ਜਰੀਆ ਆਲਮਪੁਰ ਬੁਲੰਦਸ਼ਹਿਰ ਲੈ ਗਏ, ਜਿੱਥੇ ਉਸ ਦਾ ਅੰਤਿਮ ਸੰਸਕਾਰ ਕੀਤਾ ਜਾਵੇਗਾ।

# ਵੀਵਾ ਏਸੀਪੀ ਨੇ ਸੁਪਰਸਟਾਰ ਅਨਿਲ ਕਪੂਰ ਨੂੰ ਬ੍ਰਾਂਡ ਅੰਬੈਸਡਰ ਵਜੋਂ ਨਿਯੁਕਤ ਕੀਤਾ



ਅੰਮ੍ਰਿਤਸਰ (ਲੋਕ ਬਾਣੀ)- ਐਲੂਮੀਨੀਅਮ ਕੰਪੋਜ਼ਿਟ ਪੈਨਲਾਂ (ਏਸੀਪੀ) ਦੀ ਸਪਲਾਇਰ ਕੰਪਨੀ ਵੀਵਾ ਨੇ ਸੁਪਰਸਟਾਰ ਅਨਿਲ ਕਪੂਰ ਨੂੰ ਆਪਣੇ ਪਹਿਲੇ ਬ੍ਰਾਂਡ ਅੰਬੈਸਡਰ ਵਜੋਂ ਨਿਯੁਕਤੀ ਦਾ ਐਲਾਨ ਕਰਦੇ ਹੋਏ ਮਾਣ ਮਹਿਸੂਸ ਕਰ ਰਹੀ ਹੈ। ਇਹ ਇਤਿਹਾਸਕ ਭਾਈਵਾਲੀ ਏਸੀਪੀ ਉਦਯੋਗ ਲਈ ਇੱਕ ਪ੍ਰਮੁੱਖ ਮੀਲ ਪੱਥਰ ਨੂੰ ਦਰਸਾਉਂਦੀ ਹੈ, ਅਨਿਲ ਕਪੂਰ ਇੱਕ ਮਸ਼ਹੂਰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਹਸਤੀ ਹੈ ਅਤੇ ਕਪੂਰ ਦੇ ਕੈਲੀਬਰ ਦੀ ਹਸਤੀ ਨਾਲ ਸਹਿਯੋਗ ਕਰਨ ਵਾਲੇ ਪਹਿਲੇ ਬ੍ਰਾਂਡ ਵਜੋਂ ਵੀਵਾ ਦੀ ਸਥਿਤੀ ਨੂੰ ਹੋਰ ਮਜ਼ਬੂਤ ਕਰਦੀ ਹੈ। ਅਭਿਨੇਤਾ ਅਨਿਲ ਕਪੂਰ ਦਾ ਬਹੁਮੁਖੀ ਕੈਰੀਅਰ ਨਵੀਨਤਾ ਅਤੇ ਗਤੀਸ਼ੀਲ ਊਰਜਾ ਦੀ ਉਹੀ ਭਾਵਨਾ ਨੂੰ ਦਰਸਾਉਂਦਾ ਹੈ ਜਿਸ ਨੇ ਆਰਕੀਟੈਕਚਰਲ ਡਿਜ਼ਾਈਨ ਨੂੰ ਕ੍ਰਾਂਤੀ ਲਿਆਉਣ ਵਿੱਚ ਵੀਵਾ ਏਸੀਪੀ ਦੀ ਯਾਤਰਾ ਨੂੰ ਪਰਿਭਾਸ਼ਿਤ ਕੀਤਾ ਹੈ। ਦੋ ਦਹਾਕਿਆਂ ਤੋਂ ਵੱਧ ਦੀ ਮੁਹਾਰਤ ਦੇ ਨਾਲ, ਵੀਵਾ ਏਸੀਪੀ ਉੱਚ-ਗੁਣਵੱਤਾ, ਸਟਾਈਲਿਸ਼ ਅਤੇ ਟਿਕਾਊ ਕਲੈਡਿੰਗ ਸੋਲੂਸ਼ਨਸ ਲਈ ਬੈਂਚਮਾਰਕ ਸੈੱਟ ਕਰਨਾ ਜਾਰੀ ਰੱਖ ਰਿਹਾ ਹੈ। ਫਰੰਟ ਨੂੰ ਮੁੜ ਪਰਿਭਾਸ਼ਿਤ ਕਰਨ ਤੋਂ ਲੈ ਕੇ ਇੰਟੀਰੀਓਰ□ਸ ਲਈ ਸਮਕਾਲੀ ਹੱਲ ਪੇਸ਼ ਕਰਨ ਤੱਕ, ਵੀਵਾ ਦੇ ਉਤਪਾਦ ਆਪਣੀ ਅਤਿ-ਆਧੁਨਿਕ ਤਕਨਾਲੋਜੀ ਲਈ ਜਾਣੇ ਜਾਂਦੇ ਹਨ, ਜਿਸ ਵਿੱਚ ਉਦਯੋਗ-ਪਹਿਲੀ ਕਾਢਾਂ ਜਿਵੇਂ ਕਿ 4 ਕਲਰ ਕੋਟਿੰਗ ਸ਼ਾਮਲ ਹਨ। 500+ ਤੋਂ ਵੱਧ ਸ਼ੇਡਾਂ ਦੀ ਪੇਸ਼ਕਸ਼ ਕਰਦੇ ਹੋਏ, ਵੀਵਾ ਏਸੀਪੀ ਆਰਕੀਟੈਕਟਾਂ, ਇੰਟੀਰੀਅਰ ਡਿਜ਼ਾਈਨਰਾਂ, ਅਤੇ ਪ੍ਰੋਜੈਕਟ ਡਿਵੈਲਪਰਾਂ ਵਿੱਚ ਇੱਕ ਪ੍ਰਮੁੱਖ ਵਿਕਲਪ ਬਣ ਗਿਆ ਹੈ। ਇਮਾਰਤਾਂ ਤੋਂ ਇਲਾਵਾ ਵੀਵਾ ਆਵਾਜਾਈ ਅਤੇ ਪ੍ਰਚੂਨ ਵਰਗੇ ਉਦਯੋਗਾਂ ਵਿੱਚ ਵੀ ਪ੍ਰਭਾਵ ਪੈਦਾ ਕਰ ਰਿਹਾ ਹੈ।

ਇਸ ਮੀਲ ਪੱਥਰ ਸਹਿਯੋਗ ਤੇ ਟਿੱਪਣੀ ਕਰਦੇ ਹੋਏ, ਵੀਵਾ ਏਸੀਪੀ ਦੇ ਸੀ ਐਮ ਡੀ ਪ੍ਰਕਾਸ਼ ਜੈਨ ਨੇ ਕਿਹਾ ਕਿ ਅਸੀਂ ਵੀਵਾ ਪਰਿਵਾਰ ਵਿੱਚ ਸ਼੍ਰੀ ਅਨਿਲ ਕਪੂਰ ਦਾ ਸੁਆਗਤ ਕਰਦੇ ਹੋਏ ਬਹੁਤ ਖੁਸ਼ ਹਾਂ। ਉਹਨਾਂ ਦੀ ਬੇਮਿਸਾਲ ਸਫਲਤਾ, ਭਾਰਤ ਅਤੇ ਅੰਤਰਰਾਸ਼ਟਰੀ ਪੱਧਰ ਤੇ, ਉੱਤਮਤਾ ਪ੍ਰਤੀ ਸਾਡੀ ਵਚਨਬੱਧਤਾ ਅਤੇ ਭਾਰਤੀ ਨਵੀਨਤਾ ਨੂੰ ਵਿਸ਼ਵ ਪੱਧਰ ਤੇ ਲੈ ਜਾਣ ਦੀ ਸਾਡੀ ਦ੍ਰਿਸ਼ਟੀ ਨੂੰ ਦਰਸਾਉਂਦੀ ਹੈ। ਇਕੱਠੇ ਮਿਲ ਕੇ, ਅਸੀਂ ਕਲੈਡਿੰਗ ਡਿਜ਼ਾਈਨ ਵਿੱਚ ਨਵੇਂ ਦ੍ਰਿਸ਼ਟੀਕੋਣਾਂ ਨੂੰ ਪ੍ਰੇਰਿਤ ਕਰਨਾ ਅਤੇ ਐਲੂਮੀਨੀਅਮ ਕੰਪੋਜ਼ਿਟ ਪੈਨਲਾਂ ਦੀ ਅਸੀਮ ਸੰਭਾਵਨਾ ਨੂੰ ਰੇਖਾਂਕਿਤ ਕਰਨਾ ਚਾਹੁੰਦੇ ਹਾਂ। ਇਹ ਸਹਿਯੋਗ ਵਿਵਾ ਦੀ ਪਹੁੰਚ ਨੂੰ ਵਧਾਏਗਾ, ਆਰਕੀਟੈਕਟਾਂ ਅਤੇ ਡਿਜ਼ਾਈਨਰਾਂ ਨੂੰ ਨਾਯਾਬ ਥਾਵਾਂ ਬਣਾਉਣ ਲਈ ਸ਼ਕਤੀ ਪ੍ਰਦਾਨ ਕਰੇਗਾ।

ਰੋਜ਼ਾਨਾ ਲੋਕ ਬਾਣੀ www.lokbani

# ਝੋਨੇ ਦੀ ਖਰੀਦ ਐਮਐਸਪੀ ਰੇਟਾਂ ਤੇ ਸ਼ੁਰੂ ਕਰਾਉਣ ਲਈ ਕਿਸਾਨਾਂ ਮਜ਼ਦੂਰਾਂ ਨੇ ਬਬਰੀ ਚੌਂਕ ਹਾਈਵੇ ਕੀਤਾ ਜਾਮ

ਗੁਰਦਾਸਪੁਰ-ਨਵਨੀਤ ਕੁਮਾਰ -

ਅੱਜ ਗੁਰਦਾਸਪੁਰ ਦੇ ਬਬਰੀ ਚੌਂਕ ਵਿਖੇ ਕਿਸਾਨਾਂ ਨੇ ਨੈਸ਼ਨਲ ਹਾਈਵੇ ਨੂੰ 11 ਤੋਂ 3 ਵਜੇ ਤੱਕ ਚਾਰ ਘੰਟੇ ਲਈ ਜਾਮ ਕਰ ਦਿੱਤਾ। ਵੱਡੀ ਗਿਣਤੀ ਵਿੱਚ ਕਿਸਾਨ ਤੇ ਮਜ਼ਦੂਰ ਚੌਂਕ ਵਿੱਚ ਇਕੱਤਰ ਹੋਏ ਅਤੇ ਕੇਂਦਰ ਅਤੇ ਪੰਜਾਬ ਸਰਕਾਰ ਵਿਰੁੱਧ ਨਾਹਰੇ ਬੁਲੰਦ ਕੀਤੇ ⇩ ਸੰਯੁਕਤ ਕਿਸਾਨ ਮੋਰਚੇ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਸਾਂਝੇ ਤੌਰ ਤੇ ਇਸ ਦੀ ਪ੍ਰਧਾਨਗੀ ਕਸ਼ਮੀਰ ਸਿੰਘ ਤੁਗਲਵਾਲ, ਹਰਜੀਤ ਸਿੰਘ ਕਾਹਲੋ,ਮੱਖਣ ਸਿੰਘ ਕੁਹਾੜ, ਤਰਲੋਕ ਸਿੰਘ ਬਹਿਰਾਮਪੁਰ, ਗੁਰਵਿੰਦਰ ਸਿੰਘ ਜੀਵਨਚੱਕ,ਜਸਬੀਰ ਸਿੰਘ ਕੱਤੋਵਾਲ, ਸੁਖਦੇਵ ਸਿੰਘ ਭਾਗੋਕਾਵਾਂ, ਸਤਬੀਰ ਸਿੰਘ ਸੁਲਤਾਨੀ ਕਰਨੈਲ ਸਿੰਘ ਸ਼ੇਰਪੁਰ, ਸੁਰਿੰਦਰ ਸਿੰਘ ਕੋਠੇ, ਰਾਜਗੁਰਵਿੰਦਰ ਸਿੰਘ ਲਾਡੀ ਘਮਾਣ ਅਤੇ ਸਾਬਕਾ ਸੈਨਿਕ ਸੰਘਰਸ਼ ਕਮੇਟੀ ਵੱਲੋਂ ਐਸ ਪੀ ਸਿੰਘ ਗੋਸਲ ਪ੍ਰਧਾਨਗੀ ਮੰਡਲ ਤੋਂ ਇਲਾਵਾ ਅਜੀਤ ਸਿੰਘ ਹੁੰਦਲ, ਗੁਰਦੀਪ ਸਿੰਘ ਮੁਸਤਫਾਵਾਦ, ਸਰਪੰਚ ਸੁਖਦੇਵ ਸਿੰਘ ਛਿਛਰਾ, ਮੰਗਤ ਸਿੰਘ ਜੀਵਨਚੱਕ, ਚੰਨਣ ਸਿੰਘ ਦੋਰਾਂਗਲਾ, ਬਲਬੀਰ ਸਿੰਘ ਕੱਤੋਵਾਲ,ਬਲਬੀਰ ਸਿੰਘ ਬੈਂਸ ਬਲਬੀਰ ਸਿੰਘ ਉੱਚਾ ਧਕਾਲਾ, ਦਲਬੀਰ ਸਿੰਘ ਡੁਗਰੀ, ਬਲਜਿੰਦਰ ਸਿੰਘ ,ਸਰਦੂਲ ਸਿੰਘ ਬਰੀਲਾ ਗਗਨਦੀਪ ਸਿੰਘ

ਮਾਸਟਰ ਕਰਮ ਸਿੰਘ ਬਲਦੇਵ ਸਿੰਘ ਕਲੇਰ ਅਤੇ ਮਜ਼ਦੂਰ ਆਗੂਆਂ ਰਾਜਕੁਮਾਰ ਭੰਡੋਰੀ ਵਿਜੇ ਸੋਹਲ ਸੁਭਾਸ਼ ਕੈਰੇ ਪਲਵਿੰਦਰ ਸਿੰਘ ਸੁਖਦੇਵ ਰਾਜ ਬਹਿਰਾਮਪੁਰ ਕੁਲਵਿਨਦੇਰ ਸਿੰਘ ਤਿੱਬੜ ਜਗਜੀਤ ਸਿੰਘ ਜੱਜ ਤੇ ਸਵਾਮੀ ਬਾਊਪੁਰ ਆਦਿ ਨੇ ਸੰਬੋਧਨ ਕੀਤਾ । ਕਿਸਾਨ ਮੰਗ ਕਰ ਰਹੇ ਸਨ ਕਿ ਕਿਸਾਨਾਂ ਦਾ ਝੋਨਾ ਮੰਡੀਆਂ ਵਿੱਚ ਕਈ ਕਈ ਦਿਨ ਤੋਂ ਰੁਲ ਰਿਹਾ ਹੈ। 17% ਨਵੀਂ ਹੋਣ ਤੇ ਵੀ ਪੂਰਾ ਰੇਟ ਨਹੀਂ ਲੱਗ ਰਿਹਾ। ਸਰਕਾਰ ਖਰੀਦ ਨਹੀਂ ਕਰ ਰਹੀ ਅਤੇ ਸੈਲਰਾਂ ਵਾਲੇ ਤੇ ਹੋਰ 200 300 ਰੁਪਏ ਕੁਇੰਟਲ ਦੇ ਘਾਟੇ ਤੇ ਖਰੀਦ ਰਹੇ ਹਨ। ਨਮੀ ਦੇ ਬਹਾਨੇ ਕੱਟ ਲਗਾ ਰਹੇ ਹਨ। ਕਈ ਨਵੀਂ ਚੈੱਕ ਕਰਨ ਵਾਲੀਆਂ ਮਸ਼ੀਨਾਂ ਵਿੱਚ ਵੀ ਫਰਕ ਹੈ। ਕਿਸਾਨ ਮਜ਼ਦੂਰ ਆਗੂਆਂ ਦੋਸ਼ ਲਾਇਆ ਕਿ ਕੇਂਦਰ ਦੀ ਮੋਦੀ ਸਰਕਾਰ ਮਿਲਾਂ ਵਿੱਚੋਂ ਪਿਛਲੇ ਸਾਲ ਦੇ ਚੌਲ ਨਹੀਂ ਚੁੱਕ ਰਹੀ ਤੇ ਉਨਾਂ ਨੂੰ ਕਰੋੜਾਂ ਦਾ ਘਾਟਾ ਪੈ ਰਿਹਾ ਹੈ। ਆੜਤੀਆਂ



ਦਾ ਕਮਿਸ਼ਨ ਵੀ ਘੱਟ ਕਰ ਦਿੱਤਾ ਹੈ ਅਤੇ ਮੰਡੀ ਮਜ਼ਦੂਰਾਂ ਦਾ ਵੀ ਮਿਹਨਤਾਨਾ ਨਹੀਂ ਵਧਾਇਆ ⇩ ਕੇਂਦਰ ਵੱਲੋਂ ਲਿਫਟਿੰਗ ਨਾ ਹੋਣ ਕਾਰਨ ਖਰੀਦ ਨਹੀਂ ਹੋ ਰਹੀ ⇩ ਕੇਂਦਰ ਪੰਜਾਬ ਵਿਰੁੱਧ ਬਦਲਾ ਲਓ ਭਾਵਨਾ ਨਾਲ ਕੰਮ ਕਰ ਰਹੀ ਹੈ ਅਤੇ ਪੰਜਾਬ ਦਾ ਮੰਡੀ ਢਾਂਚਾ ਤਬਾਹ ਕਰਕੇ ਕਾਰਪੋਰੇਟ ਅਡਾਨੀਆਂ ਅੰਬਾਨੀਆਂ ਨੂੰ ਖਰੀਦ ਦਾ ਕੰਮ ਦੇਣਾ ਚਾਹੁੰਦੀ ਹੈ।

ਦੂਜੇ ਪਾਸੇ ਪੰਜਾਬ ਦੀ ਮਾਨ ਸਰਕਾਰ ਦੀ ਇਹ ਨਲਾਇਕੀ ਹੈ ਕਿ ਉਹ ਕੇਂਦਰ ਦੀ ਸਾਜਿਸ਼ ਵਿਰੁੱਧ ਚਾਰਾਜੋਈ ਨਹੀਂ ਕਰ ਰਹੀ ⇩ ਕਿਸਾਨਾਂ ਨੂੰ ਖੱਜਲ ਖੁਆਰ ਕਰਨ ਵਿੱਚ ਪੰਜਾਬ ਦੀ ਸਰਕਾਰ ਬਰਾਬਰ ਦੀ ਦੋਸ਼ੀ ਹੈ। ਆਗੂਆਂ ਨੇ ਕਿਹਾ ਕਿ ਕਿਸਾਨ ਰਸਤੇ ਰੋਕ ਕੇ ਲੋਕਾਂ ਨੂੰ ਖਰਾਬ ਨਹੀਂ ਕਰਨਾ ਚਾਹੁੰਦੇ ਪਰ ਉਹਨਾਂ ਕੋਲ ਹੋਰ ਕੋਈ ਚਾਰਾਜਾਈ ਨਹੀਂ ਹੈ। ਪੰਜਾਬ ਦੀਆਂ ਸੜਕਾਂ ਜਾਮ ਹੋਣ ਦੀ ਦੋਸ਼ੀ ਕੇਂਦਰ ਅਤੇ ਪੰਜਾਬ ਸਰਕਾਰ ਹੈ। ਆਗੂਆਂ ਨੇ ਐਲਾਨ ਕੀਤਾ ਕਿ 29 ਅਕਤੂਬਰ ਨੂੰ ਡੀਸੀ ਦਫਤਰ ਦਾ ਮੁਕੰਮਲ ਕਰਾਓ ਕੀਤਾ ਜਾਵੇਗਾ ਅਗਰ ਫਿਰ ਵੀ ਮਸਲੇ ਹੱਲ ਨਾ ਹੋਏ ਝੋਨੇ ਦੀ ਖਰੀਦ ਪੂਰੀ ਕੀਮਤ ਦੇ ਕੇ ਸ਼ੁਰੂ ਨਾ ਹੋਈ ਤਾਂ ਅਗਲਾ ਵੱਡਾ ਐਕਸ਼ਨ ਉਲੀਕਿਆ ਜਾਵੇਗਾ।

ਰੋਜ਼ਾਨਾ ਲੋਕ ਬਾਣੀ www.lokbani

# ਦਰਬਾਰ ਬਾਬਾ ਭਾਣੇ ਸ਼ਾਹ ਦਾ ਸਾਲਾਨਾ ਭੰਡਾਰਾ 27 ਅਕਤੂਬਰ ਨੂੰ ਮਨਾਇਆ ਇਆ ਜਾਵੇਗਾ- ਬਾਬਾ ਬਿੱਟੇ ਸ਼ਾਹ



ਅੰਮ੍ਰਿਤਸਰ, (ਲੋਕ ਬਾਣੀ)- ਡੇਰਾ ਬਾਬਾ ਭਾਣੇ ਸ਼ਾਹ, ਸਾਹਮਣੇ ਪਾਵਰ ਕਲੋਨੀ,ਮਜੀਠਾ ਰੋਡ ਵਿਖੇ ਸਲਾਨਾ ਭੰਡਾਰਾ 27 ਅਕਤੂਬਰ ਨੂੰ ਸ਼ਰਧਾ ਪੂਰਵਕ ਤਰੀਕੇ ਨਾਲ ਬਣਾਇਆ ਜਾਵੇਗਾ। ਡੇਰੇ ਦੇ ਗੱਦੀ ਨਸ਼ੀਨ ਬਾਬਾ ਕੁਲਵੰਤ ਸਿੰਘ ਬਿੱਟੇ ਸ਼ਾਹ ਨੇ ਦੱਸਿਆ ਦਿਨ ਦੇ ਸਮੇਂ ਲੰਗਰ ਭੰਡਾਰੇ ਤੋਂ ਬਾਅਦ ਰਾਤ ਨੂੰ ਧਾਰਮਿਕ ਗਾਇਕ ਰਾਂਝਣ ਨਅਲੀ ਸਮੇਤ ਹੋਰ ਕਆਲ ਪਾਰਟੀਆਂ ਗੁਰੂ ਮਹਿਮਾ ਦਾ ਗੁਣਗਾਨ ਕਰਨਗੀਆਂ। ਇਸ ਮੌਕੇ ਤੇ ਬਾਬਾ ਰਾਜੂ ਸ਼ਾਹ,ਬਾਬਾ ਗੋਪੀ ਸ਼ਾਹ,ਬਾਬਾ ਓਪੀ ਸ਼ਾਹ,ਬਾਬਾ ਰਾਜੇ ਸ਼ਾਹ,ਬਾਬਾ ਜੋਰੇ ਸ਼ਾਹ, ਬਾਬਾ ਪ੍ਰਦੀਪ ਸ਼ਾਹ,ਬਾਬਾ ਮੈਨੀ ਸ਼ਾਹ,ਬਾਬਾ ਮਦਨ ਸ਼ਾਹ,ਬਾਬਾ ਛਿੰਦੇ ਸ਼ਾਹ,ਬਾਬਾ ਬੱਬੂ ਸ਼ਾਹ,ਬਾਬਾ ਸਾਬੀ ਸ਼ਾਹ ਸਮੇਤ ਹੋਰ ਸ਼ਹਿਰ ਵਾਸੀ ਦਰਗਾਹ ਤੇ ਹਾਜ਼ਰੀਆਂ ਭਰਨਗੇ। ਬੈਠਕ ਦੇ ਦੌਰਾਨ ਅਵਤਾਰ ਸਿੰਘ,ਸੁੱਖ,ਪ੍ਰਤਾਪ ਸਿੰਘ,ਮਨਵੀਰ ਸਿੰਘ,ਸਾਹਿਲ ਸੋਨੂ,ਆਕਾਸ਼ ਲੁੱਡੀ,ਅਜੇ ਪਾਲ,ਸੁਰਿੰਦਰ ਸਿੰਘ,ਬੀਰ ਸਿੰਘ,ਬਾਬਾ ਗੁਰਦਾਸ,ਧੀਰ ਸਿੰਘ,ਪ੍ਰਮੋਦ,ਪਰਮਜੀਤ, ਸ਼ਮਸ਼ੇਰ ਸਿੰਘ,ਰਾਜਾ,ਅਨਮੋਲ ਗੁਰਜੀਤ ਕੌਰ,ਦਲਬੀਰ ਕੌਰ, ਅੰਬੋ,ਭਜਨ ਕੌਰ,ਰਾਜ ਕੋਰ, ਸਤਿੰਦਰ ਕੌਰ ਵੀ ਮੌਜੂਦ ਸਨ।

ਰੋਜ਼ਾਨਾ ਲੋਕ ਬਾਣੀ www.lokbani

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਂਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

## ਦੀਵਾਨਾ ਹੋ ਗਿਆ

ਉਸ ਦਾ ਸੱਜਨੋਂ ਮੈਂ ਦੀਵਾਨਾ ਹੋ ਗਿਆ,
ਲੋਕੀਂ ਮੈਨੂੰ ਕਹਿਣ ਬੇਗਾਨਾ ਹੋ ਗਿਆ ।

ਜਦ ਦਾ ਤੱਕਿਆ ਮੁੱਖੜਾ ਸੋਹਣਾ,
ਮੁੱਕ ਗਿਆ ਸਾਰਾ ਰੋਣਾ ਧੋਣਾ ।
ਹਰ ਪਲ ਉਹਦੇ ਨਾਲ ਸੋਹਾਨਾ ਹੋ ਗਿਆ ।
ਉਸਦਾ..................

ਜੇ ਨਾ ਵੇਖਾਂ ਨਿਕਲਣ ਹਾਵਾਂ ,
ਬਿਨ ਵੇਖੇ ਮੈਂ ਮਰ ਮਰ ਜਾਵਾਂ ।
ਦਿਲ ਵਿੱਚ ਮਿਲਣੇ ਦਾ ਨਿਸ਼ਾਨਾ ਹੋ ਗਿਆ ।
ਉਸਦਾ..................

ਜਦ ਦਾ ਪੱਲਾ ਮੈਂ ਹੈ ਫੜਿਆ,
ਰੂਪ ਇਲਾਹੀ ਮੈਨੂੰ ਚੜਿਆ।
ਉਹਦੇ ਨਾਂ ਦਾ ਮੈਂ ਮਸਤਾਨਾ ਹੋ ਗਿਆ,
ਉਸਦਾ..................

ਸੂਰਤ ਕਦੇ ਨਾ ਦਿਲੋਂ ਭੁੱਲਵਾਂ,
ਅੰਦਰ ਵੜ ਵੜ ਉਸ ਨੂੰ ਧਿਆਵਾਂ।
ਉਹਦਾ ਨਿਮਾਣੇ ਤੇ ਸ਼ੁਕਰਾਨਾ ਹੋ ਗਿਆ ,
ਉਸ ਦਾ ਸੱਜਨੋਂ ਮੈਂ ਦੀਵਾਨਾ ਹੋ ਗਿਆ ,
ਲੋਕੀਂ ਮੈਨੂੰ ਕਹਿਣ ਬੇਗਾਨਾ ਹੋ ਗਿਆ ।



ਲੇਖਕ:- ਜਗਨ ਨਾਥ
ਨਿਮਾਣਾ ਉਦੋਕੇ,
ਮ 95013-89922

# ਸਾਵਧਾਨ ! ਸ਼ਹਿਰੀ ਔਰਤਾਂ ਵਿੱਚ ਛਾਤੀ ਦੇ ਕੈਂਸਰ ਦਾ ਖ਼ਤਰਾ ਸਭ ਤੋਂ ਵੱਧ ਹੁੰਦਾ ਹੈ- ਡਾ.ਗਾਇਤਰੀ



ਅੰਮ੍ਰਿਤਸਰ(ਲੋਕ ਬਾਣੀ) ਸਮਾਜ ਵਿੱਚ ਬਦਲਦੇ ਰਹਿਣ ਸਹਿਣ ਦੇ ਚਲਦਿਆਂ ਔਰਤਾਂ ਦੇ ਵਿੱਚ ਛਾਤੀ ਦੇ ਕੈਂਸਰ ਦੀ ਬਿਮਾਰੀ ਦਾ ਗਰਾਫ ਦਿਨ ਬ ਦਿਨ ਵੱਧ ਰਿਹਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸ਼ੂਰ ਹਸਪਤਾਲ ਖਜ਼ਾਨਾ ਗੇਟ ਦੀ ਔਰਤਾਂ ਦੀਆਂ ਬਿਮਾਰੀਆਂ ਦੀ ਮਾਹਿਰ ਡਾ.ਗਾਇਤਰੀ ਸ਼ੂਰ ਨੇ ਦੱਸਿਆ ਕਿ ਭਾਰਤ ਵਿੱਚ ਮਾੜੀਆਂ ਖਾਣ-ਪੀਣ ਦੀਆਂ ਆਦਤਾਂ, ਵਿਗੜਦੀ ਜੀਵਨ ਸ਼ੈਲੀ, ਦੇਰ ਨਾਲ ਵਿਆਹ ਆਦਿ ਕਾਰਨ ਔਰਤਾਂ ਵਿੱਚ ਛਾਤੀ ਦੇ ਕੈਂਸਰ ਦੇ ਮਾਮਲੇ ਤੇਜ਼ੀ ਨਾਲ ਵੱਧ ਰਹੇ ਹਨ। ਵਧਦੀ ਸਰੀਰ ਦੀ ਚਰਬੀ ਨਾਲ ਔਰਤਾਂ ਵਿੱਚ ਛਾਤੀ ਦੇ ਕੈਂਸਰ ਦੇ ਮਾਮਲੇ ਵੱਧ ਰਹੇ ਹਨ। ਇਸ ਤੋਂ ਇਲਾਵਾ,ਸੋਸ਼ਲ ਮੀਡੀਆ ਦੇ ਦੌਰ ਵਿੱਚ,ਸੌਣ ਅਤੇ ਜਾਗਣ ਦਾ ਸਮਾਂ ਵੀ ਠੀਕ ਨਹੀਂ ਹੈ। ਇਸ ਕਰਕੇ ਵੀ ਛੋਟੀ ਉਮਰ ਵਿੱਚ ਛਾਤੀ ਦੇ ਕੈਂਸਰ ਦਾ ਕਾਰਨ ਬਣ ਰਹੇ ਹਨ ਨੇ ਦੱਸਿਆ ਕਿ ਬ੍ਰੈਸਟ ਕੈਂਸਰ ਵੀ ਜੈਨੇਟਿਕ ਹੁੰਦਾ ਹੈ। ਇਹ ਕੈਂਸਰ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਜਾ ਸਕਦਾ ਹੈ। ਜਿਨ੍ਹਾਂ ਔਰਤਾਂ ਨੂੰ ਛਾਤੀ ਦਾ ਕੈਂਸਰ ਹੈ, ਉਨ੍ਹਾਂ ਨੂੰ ਇਹ ਕੈਂਸਰ ਦੂਜਿਆਂ ਨੂੰ ਜਾਣ ਦਾ ਖਤਰਾ ਜ਼ਿਆਦਾ ਹੁੰਦਾ ਹੈ। ਡਾਕਟਰ ਗਾਇਤਰੀ ਨੇ ਕਿਹਾ ਕਿ ਜੇਕਰ ਪਰਿਵਾਰਿਕ ਬਿਮਾਰੀ ਨੂੰ ਲੈ ਕੇ ਕੋਈ ਪੁਰਾਣਾ ਕੋਈ ਇਤਿਹਾਸ ਹੈ ਤਾਂ ਉਹ ਆਪਣੇ ਸਾਰੇ ਟੈਸਟ ਕਰਵਾਉਣੇ ਚਾਹੀਦੇ ਹਨ। ਜੇਕਰ ਕਿਸੇ ਵੀ ਔਰਤ ਦੇ ਸਰੀਰ ਵਿੱਚ ਪ੍ਰੋਜੇਸਟ੍ਰੋਨ ਅਤੇ ਐਸਟ੍ਰੋਜਨ ਹਾਰਮੋਨਸ ਦਾ ਸੰਤੁਲਨ ਵਿਗੜ ਜਾਂਦਾ ਹੈ ਤਾਂ ਵੀ ਛਾਤੀ ਦੇ ਕੈਂਸਰ ਦਾ ਖਤਰਾ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਸ਼ਹਿਰੀ ਔਰਤਾਂ ਵਿੱਚ ਛਾਤੀ ਦੇ ਕੈਂਸਰ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ। ਜਿਸ ਦਾ ਸਭ ਤੋਂ ਵੱਡਾ ਕਾਰਨ ਸ਼ਹਿਰੀ ਜੀਵਨ ਸ਼ੈਲੀ ਹੈ। ਲੋਕ, ਵਿਆਹ ਦਾ ਸਮਾਂ ਨਾ ਮਿਲਣਾ ਇਸ ਦਾ ਮੁੱਖ ਕਾਰਨ ਹੈ ਬੱਚੇ ਨੂੰ ਜਨਮ ਦੇਣ ਚ ਦੇਰੀ, ਸ਼ਹਿਰ ਦੀਆਂ ਕੰਮਕਾਜੀ ਔਰਤਾਂ ਆਪਣੇ ਬੱਚਿਆਂ ਨੂੰ ਵਧੀਆ ਦੁੱਧ ਨਹੀਂ ਦੇ ਪਾ ਰਹੀਆਂ, ਇਹ ਵੀ ਸਭ ਤੋਂ ਵੱਡਾ ਕਾਰਨ ਹੈ ਛਾਤੀ ਕੈਂਸਰ ਦੇ ਕਾਰਨ ਹੋ ਸਕਦੇ ਹਨ।

# 68ਵੀਆਂ ਪੰਜਾਬ ਰਾਜ ਸਕੂਲ ਖੇਡਾਂ ਕਬੱਡੀ ਅੰਡਰ 14 ਸਾਲ



ਬਰਨਾਲਾ, (ਲੋਕ ਬਾਣੀ) : ਇੱਥੇ ਬਾਬਾ ਗਾਂਧਾ ਸਿੰਘ ਪਬਲਿਕ ਸਕੂਲ ਵਿੱਚ ਚੱਲ ਰਹੀਆਂ 68ਵੀਆਂ ਪੰਜਾਬ ਰਾਜ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਕਬੱਡੀ ਨੈਸ਼ਨਲ ਸਟਾਈਲ ਅੰਡਰ 14 ਸਾਲ (ਮੁੰਡੇ) ਦੇ ਮੁਕਬਲੇ ਸਮਾਪਤ ਹੋ ਗਏ ਹਨ ਅਤੇ ਕੁੜੀਆਂ ਦੇ ਮੁਕਾਬਲੇ ਸ਼ੁਰੂ ਹੋ ਗਏ ਹਨ। ਡੀਐਮ ਸਪੋਰਟਸ ਬਰਨਾਲਾ ਸਿਮਰਦੀਪ ਸਿੰਘ ਸਿੱਧੂ ਦੱਸਿਆ ਕਿ ਅੱਜ ਹੋਏ ਫਾਈਨਲ ਮੁਕਾਬਲੇ ਵਿੱਚ ਸ੍ਰੀ ਫਤਿਹਗੜ੍ਹ ਸਾਹਿਬ ਨੇ ਮਾਨਸਾ ਨੂੰ ਹਰਾ ਕੇ ਪਹਿਲਾ ਸਥਾਨ ਹਾਸਲ ਕੀਤਾ ਹੈ ਜਦਕਿ ਬਠਿੰਡਾ ਨੂੰ ਹਰਾ ਕੇ ਪਟਿਆਲਾ ਦੀ ਟੀਮ ਦੂਸਰੇ ਸਥਾਨ 'ਤੇ ਰਹੀ। ਉਹਨਾਂ ਨੇ ਅੱਗੇ ਦੱਸਿਆ ਕਿ ਅੱਜ ਸ਼ੁਰੂ ਹੋਏ ਕਬੱੜੀ (ਲੜਕੀਆਂ) ਦੇ ਅੰਡਰ 14 ਸਾਲ ਲੀਗ ਮੁਕਾਬਿਲਾਂ ਵਿੱਚੋਂ ਸੰਗਰੂਰ ਨੇ ਸ੍ਰੀ ਅੰਮ੍ਰਿਤਸਰ ਸਾਹਿਬ, ਮੋਗਾ ਨੇ ਮਾਲੇਰਕੋਟਲਾ, ਪਠਾਨਕੋਟ ਨੇ ਬਰਨਾਲਾ, ਹੁਸ਼ਿਆਰਪੁਰ ਨੇ ਸਾਹਿਬਜਾਦਾ ਅਜੀਤ ਸਿੰਘ ਨਗਰ, ਫਰੀਦਕੋਟ ਨੇ ਪਟਿਆਲਾ, ਸੰਗਰੂਰ ਨੇ ਮੋਗਾ, ਸ੍ਰੀ ਅੰਮ੍ਰਿਤਸਰ ਸਾਹਿਬ ਨੇ ਮਾਲੇਰਕੋਟਲਾ, ਬਰਨਾਲਾ ਨੇ ਹੁਸ਼ਿਆਰਪੁਰ, ਪਟਿਆਲਾ ਨੇ ਲੁਧਿਆਣਾ, ਤਰਨਤਾਰਨ ਨੇ ਕਪੂਰਥਲਾ, ਸ਼ਹੀਦ ਭਗਤ ਸਿੰਘ ਨਗਰ ਨੇ ਸ੍ਰੀ ਫਤਿਹਗੜ੍ਹ ਸਾਹਿਬ, ਜਲੰਧਰ ਨੇ ਗੁਰਦਾਸਪੁਰ, ਸ੍ਰੀ ਮੁਕਤਸਰ ਸਾਹਿਬ ਨੇ ਮਾਨਸਾ, ਬਠਿੰਡਾ ਨੇ ਰੂਪਨਗਰ, ਫਾਜ਼ਿਲਕਾ ਨੇ ਫਿਰੋਜ਼ਪੁਰ, ਮਾਨਸਾ ਨੇ ਗੁਰਦਾਸਪੁਰ ਨੂੰ ਹਰਾਇਆ। ਇਸ ਮੌਕੇ ਸਟੇਟ ਸਪੋਰਟਸ ਕਮੇਟੀ ਮੈਂਬਰ ਮਨਦੀਪ ਸ਼ਰਮਾ, ਮਲਕੀਤ ਸਿੰਘ, ਮੱਲ ਸਿੰਘ, ਹਰਮੇਲ ਸਿੰਘ, ਦਿਨੇਸ਼ ਕੁਮਾਰ, ਭੁਪਿੰਦਰ ਸਿੰਘ, ਹਰਭਜਨ ਸਿੰਘ, ਹਰਜਿੰਦਰ ਕੌਰ, ਹਰਵਿੰਦਰ ਸਿੰਘ, ਕੁਲਵਿੰਦਰ ਕੌਰ, ਜਸਮੇਲ ਸਿੰਘ, ਗੁਰਚਰਨ ਬੇਦੀ, ਰੁਪਿੰਦਰ ਸਿੰਘ, ਸੱਤਪਾਲ ਸ਼ਰਮਾ, ਕਮਲਦੀਪ ਸ਼ਰਮਾ, ਲਖਵੀਰ ਸਿੰਘ, ਕਮਲਪ੍ਰੀਤ ਕੌਰ, ਰਾਜਵਿੰਦਰ ਕੌਰ, ਅਮਨਦੀਪ ਕੌਰ, ਪਰਮਜੀਤ ਕੌਰ, ਅਰਸ਼ਦੀਪ ਸਿੰਘ, ਜਸਵੀਰ ਸਿੰਘ, ਗੁਰਵੀਰ ਸਿੰਘ, ਬਖਸ਼ੀਸ਼ ਸਿੰਘ ਸਮੇਤ ਵੱਖ-ਵੱਖ ਜਿਲ੍ਹਿਆਂ ਦੇ ਸਰੀਰਕ ਸਿੱਖਿਆ ਅਧਿਆਪਕ ਅਤੇ ਖਿਡਾਰੀ ਮੌਜੂਦ ਸਨ।

# ਗ੍ਰਾਮ ਪੰਚਾਇਤ ਲੱਡਾ ਵੱਲੋਂ ਪਿੰਡ ਦੀ ਸੁੱਖ ਸ਼ਾਂਤੀ ਲਈ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠ ਦੇ ਭੋਗ ਕੱਲ੍ਹ



ਧੂਰੀ (ਲੋਕ ਬਾਣੀ) ਧੂਰੀ ਹਲਕੇ ਦੇ ਨੌਜਵਾਨ ਯੂਥ ਆਗੂ ਮਿੱਠੂ ਲੱਡਾ ਦੇ ਪਿੰਡ ਲੱਡਾ ਦੇ ਦੂਜੀ ਵਾਰ ਨਵੇਂ ਸਰਪੰਚ ਬਣਨ ਦੀ ਖ਼ੁਸ਼ੀ ਵਿੱਚ ਵਾਹਿਗੁਰੂ ਦੇ ਸ਼ੁਕਰਾਨੇ ਵਜੋਂ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠ ਦੇ ਭੋਗ ਗੁਰਦੁਆਰਾ ਗੁਰੂਸਰ ਪਾਤਿਸ਼ਾਹੀ ਛੇਵੀਂ ਪਿੰਡ ਲੱਡਾ ਵਿਖੇ ਕੱਲ੍ਹ ਮਿਤੀ 27 ਅਕਤੂਬਰ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪਾਏ ਜਾਣਗੇ । ਇਹ ਜਾਣਕਾਰੀ ਦਿੰਦਿਆਂ ਸਰਪੰਚ ਮਿੱਠੂ ਲੱਡਾ ਨੇ ਕਿਹਾ ਕਿ ਪਿੰਡ ਲੱਡਾ ਨਵੀਂ ਚੁਣੀ ਗਈ ਗ੍ਰਾਮ ਪੰਚਾਇਤ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਪਿੰਡ ਦੇ ਸਰਵਪੱਖੀ ਵਿਕਾਸ ਲਈ ਯਤਨਸ਼ੀਲ ਰਹੇਗੀ ਅਤੇ ਉਨ੍ਹਾਂ ਕਿਹਾ ਕਿ ਸਮੂਹ ਨਗਰ ਦੇ ਸ਼ੁਕਰਾਨੇ ਲਈ ਅਤੇ ਮਹਾਂਪੁਰਸ਼ਾਂ ਤੋਂ ਆਸ਼ੀਰਵਾਦ ਲੈਣ ਲਈ ਨਵੀਂ ਪੰਚਾਇਤ ਵੱਲੋਂ ਪਿੰਡ ਦੀ ਸ਼ਾਂਤੀ ਅਤੇ ਪਿੰਡ ਵਿੱਚ ਏਕਤਾ ਅਤੇ ਭਾਈਚਾਰਕ ਸਾਂਝ ਲਈ ਪਿੰਡ ਦੀ ਤਰੱਕੀ ਲਈ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਕੱਲ੍ਹ ਪਾਏ ਜਾਣਗੇ । ਉਹਨਾਂ ਕਿਹਾ ਕਿ ਵਾਹਿਗੁਰੂ ਜੀ ਦਾ ਓਟ ਆਸਰਾ ਲੈਂਦਿਆਂ ਪਿੰਡ ਦਾ ਵਿਕਾਸ ਗ੍ਰਾਮ ਪੰਚਾਇਤ ਲੱਡਾ ਵੱਲੋਂ ਫਿਰ ਸ਼ੁਰੂ ਕੀਤਾ ਜਾਵੇਗਾ ।

# ਸ਼ਾਨਦਾਰ ਥੀਏਟਰਿਕ ਪ੍ਰਦਰਸ਼ਨ ਦੇ ਨਾਲ ਜ਼ੀ ਪੰਜਾਬੀ ਨੇ ਪਹਿਲੀ ਵਾਰ ਲਾਂਚ ਕੀਤਾ ਨਵੇਂ ਸ਼ੋਅ ਨਵਾਂ ਮੋੜ ਦਾ ਪ੍ਰੋਮੋ !!

(ਲੋਕ ਬਾਣੀ) ਜ਼ੀ ਪੰਜਾਬੀ ਨੇ ਸ਼ਾਨਦਾਰ ਥੀਏਟਰਿਕ ਪ੍ਰਦਰਸ਼ਨ ਅਤੇ ਇੱਕ ਸਟਾਰ-ਸਟਡੱਡ ਪ੍ਰੈਸ ਕਾਨਫਰੰਸ ਦੇ ਨਾਲ ਟੈਲੀਵਿਜ਼ਨ ਇੰਡਸਟਰੀ ਲਈ ਇੱਕ ਨਵਾਂ ਬੈਂਚਮਾਰਕ ਸਥਾਪਤ ਕਰਦੇ ਹੋਏ, ਨਵੇਂ ਸ਼ੋਅ ਦੀ ਘੋਸ਼ਣਾ ਕੀਤੀ। ਸ਼ੋਅ ਦੇ ਕਲਾਕਾਰਾਂ ਨੇ ਮੀਡੀਆ ਨਾਲ ਗੱਲਬਾਤ ਕੀਤੀ ਤੇ ਆਪਣੇ ਆਉਣ ਵਾਲੇ ਸ਼ੋਅ ਦੀ ਝਲਕ ਦਰਸ਼ਕਾਂ ਸਾਹਮਣੇ ਸਾਂਝਾ ਕੀਤੀ।

ਇਵੈਂਟ ਦੀ ਸ਼ੁਰੂਆਤ ਇੱਕ ਨਾਟਕੀ ਪੇਸ਼ਕਾਰੀ ਨਾਲ ਹੋਈ, ਜਿੱਥੇ ਕਲਾਕਾਰਾਂ ਨੇ ਸ਼ੋਅ ਦੇ ਮੁੱਖ ਦ੍ਰਿਸ਼ਾਂ ਨੂੰ ਪੇਸ਼ ਕੀਤਾ, ਜਿਸ ਨਾਲ ਦਰਸ਼ਕਾਂ ਲਈ ਕਹਾਣੀ ਨੂੰ ਸਾਹਮਣੇ ਲਿਆਂਦਾ ਗਿਆ। ਮੁੱਖ ਕਲਾਕਾਰ ਨਵਦੀਪ ਬਾਜਵਾ, ਅਤੇ ਜਾਗ੍ਰਿਤੀ ਠਾਕੁਰ, ਦੇ ਨਾਲ ਛੋਟੇ ਕਲਾਕਾਰ ਮਾਨਯਾ ਧਵਨ, ਜੈਵਿਕ ਵਧਵਾ ਅਤੇ ਯਸ਼ਿਕਾ ਸ਼ਰਮਾ ਦੀ ਮੌਜੂਦਗੀ ਵਿੱਚ ਸ਼ੋਅ ਦੇ ਪ੍ਰੋਮੋ ਨੂੰ ਲਾਂਚ ਕੀਤਾ ਗਿਆ।

ਅਨੁਭਵ ਬਾਰੇ ਬੋਲਦਿਆਂ, ਕਲਾਕਾਰਾਂ ਨੇ ਸਾਂਝਾ ਕੀਤਾ: ਨਵਾਂ ਮੋੜ ਨੂੰ ਜੀਵਨ ਵਿੱਚ ਲਿਆਉਣ ਲਈ ਅਸੀਂ ਸੱਚਮੁੱਚ ਮਾਣ ਮਹਿਸੂਸ ਕਰਦੇ ਹਾਂ। ਇਹ ਕਹਾਣੀ ਸਾਡੇ ਦਿਲਾਂ ਦੇ ਬਹੁਤ ਨੇੜੇ ਹੈ, ਇਹ ਫਿਲਮ ਰੋਜ਼ਾਨਾ ਸੰਘਰਸ਼ਾਂ, ਪਰਿਵਾਰਕ ਬੰਧਨਾਂ ਅਤੇ ਅਚਾਨਕ ਮੋੜਾਂ ਨੂੰ ਦਰਸਾਉਂਦੀ ਹੈ। ਸਾਨੂੰ ਉਮੀਦ ਹੈ ਕਿ ਦਰਸ਼ਕ ਸਾਡੇ ਕਿਰਦਾਰਾਂ ਨਾਲ ਜੁੜਨਗੇ ਅਤੇ ਸਾਡੀ ਕਹਾਣੀ ਨੂੰ ਬੇਹੱਦ ਪਸੰਦ ਕਰਨਗੇ।




ਮੁੱਖ ਚੈਨਲ ਅਧਿਕਾਰੀ, ਰਾਹੁਲ ਰਾਓ ਨੇ ਸ਼ੋਅ ਦੇ ਪ੍ਰੋਮੋ ਲਾਂਚ ਤੇ ਆਪਣੇ ਵਿਚਾਰ ਸਾਂਝੇ ਕੀਤੇ: ਨਵਾ ਮੋੜ ਦੇ ਨਾਲ, ਅਸੀਂ ਅੱਜ ਦੇ ਦਰਸ਼ਕਾਂ ਨਾਲ ਇੱਕ ਨਵੀਂ ਕਹਾਣੀ ਪੇਸ਼ ਕਰਨ ਲਈ ਵਚਨਬੱਧ ਹਾਂ। ਇਹ ਸ਼ੋਅ ਨਵੇਂ ਦ੍ਰਿਸ਼ਟੀਕੋਣਾਂ ਅਤੇ ਰਿਸ਼ਤਿਆਂ ਨੂੰ ਸੁੰਦਰਤਾ ਨਾਲ ਪੇਸ਼ ਕਰਦਾ ਹੈ ਜੋ ਸਮੇਂ ਦੇ ਨਾਲ ਵਿਕਸਤ ਹੁੰਦੇ ਹਨ। ਇਹ ਭਾਵਨਾਵਾਂ, ਡਰਾਮੇ ਅਤੇ ਹਕੀਕਤ ਦਾ ਸੰਪੂਰਨ ਮਿਸ਼ਰਣ ਹੈ। ਸਮਰਾਟ ਘੋਸ਼,ਈਸਟ, ਨਾਰਥ ਅਤੇ ਚੀਫ ਕਲੱਸਟਰ ਅਫਸਰ ਨੇ ਉਤਸ਼ਾਹ ਸਾਂਝਾ ਕਰਦਿਆਂ ਕਿਹਾ: ਜ਼ੀ ਪੰਜਾਬੀ ਤੇ, ਅਸੀਂ ਲਗਾਤਾਰ ਰਚਨਾਤਮਕ ਸੀਮਾਵਾਂ ਨੂੰ ਅੱਗੇ ਵਧਾਉਣ ਦੀ ਕੋਸ਼ਿਸ਼ ਕਰਦੇ ਹਾਂ। ਨਵਾ ਮੋੜ ਸਿਰਫ਼ ਇੱਕ ਨਵਾਂ ਸ਼ੋਅ ਨਹੀਂ ਹੈ, ਸਗੋਂ ਕਹਾਣੀ ਸੁਣਾਉਣ ਦਾ ਇੱਕ ਜਸ਼ਨ ਹੈ ਜੋ ਸਿੱਧੇ ਦਿਲ ਨਾਲ ਗੱਲ ਕਰਦਾ ਹੈ। ਜ਼ੀ ਪੰਜਾਬੀ ਦਰਸ਼ਕਾਂ ਲਈ ਮਨੋਰੰਜਨ ਨੂੰ ਮੁੜ ਪਰਿਭਾਸ਼ਿਤ ਕਰਨ ਦੇ ਸਾਡੇ ਦ੍ਰਿਸ਼ਟੀਕੋਣ ਨੂੰ ਦਰਸਾਉਂਦਾ ਹੈ।

ਨਵਾਂ ਮੋੜ ਦਾ ਸ਼ਾਨਦਾਰ ਪ੍ਰੀਮੀਅਰ ਦੇਖਣਾ ਨਾ ਭੁੱਲੋ, ਜੋ ਕਿ 2 ਦਸੰਬਰ ਨੂੰ ਜ਼ੀ ਪੰਜਾਬੀ ਤੇ ਆ ਰਿਹਾ ਹੈ! ਆਉਣ ਵਾਲੇ ਦਿਨਾਂ ਵਿੱਚ ਹੋਰ ਅਪਡੇਟਾਂ ਅਤੇ ਦਿਲਚਸਪ ਟੀਜ਼ਰਾਂ ਲਈ ਬਣੇ ਰਹੋ ਜ਼ੀ ਪੰਜਾਬੀ ਚੈਨਲ ਦੇ ਨਾਲ।

# ਮੋਹਾਲੀ ਦੇ ਮਸ਼ਹੂਰ ਢਾਬਾ ਬਾਈ ਅਮੀਗੋਸ ਦਾ ਵੱਖਰਾ ਸੁਆਦ ਚੱਖਣ ਆ ਰਹੇ ਨੇ ਇਸ ਸ਼ਨੀਵਾਰ ਸ਼ਾਮ 6 ਵਜੇ ਸਿਰਫ ਜ਼ੀ ਪੰਜਾਬੀ ਤੇ !!






(ਲੋਕ ਬਾਣੀ) ਜ਼ੀ ਪੰਜਾਬੀ ਦੇ ਸ਼ੋਅ ਜ਼ਾਇਕਾ ਪੰਜਾਬ ਦਾ ਮੋਹਾਲੀ ਵਿੱਚ ਪ੍ਰਸਿੱਧ ਢਾਬੇ ਬਾਏ ਅਮੀਗੋਸ ਦੀ ਪੜਚੋਲ ਕਰਨ ਦੇ ਨਾਲ ਇੱਕ ਅਨੰਦਮਈ ਰਸੋਈ ਅਨੁਭਵ ਲਈ ਤਿਆਰ ਹੋ ਜਾਓ, ਇਸ ਸ਼ਨੀਵਾਰ ਨੂੰ ਸ਼ਾਮ 6 ਵਜੇ ਪ੍ਰਸਾਰਿਤ ਹੋਵੇਗਾ।

ਅਨਮੋਲ ਗੁਪਤਾ ਅਤੇ ਦੀਪਾਲੀ ਮੋਂਗਾ ਦੁਆਰਾ ਹੋਸਟ ਕੀਤਾ ਗਿਆ, ਇਹ ਸ਼ੋਅ ਇਤਿਹਾਸ, ਵਿਸ਼ੇਸ਼ਤਾਵਾਂ, ਅਤੇ ਜੀਵੰਤ ਮਾਹੌਲ ਵਿੱਚ ਡੂੰਘਾਈ ਨਾਲ ਡੁਬਕੀ ਲੈਂਦਾ ਹੈ ਜੋ ਢਾਬਾ ਬਾਈ ਅਮੀਗੋਸ ਨੂੰ ਭੋਜਨ ਪ੍ਰੇਮੀਆਂ ਵਿੱਚ ਇੱਕ ਪਸੰਦੀਦਾ ਬਣਾਉਂਦਾ ਹੈ। ਹਸਤਾਖਰਿਤ ਪੰਜਾਬੀ ਪਕਵਾਨਾਂ ਤੋਂ ਲੈ ਕੇ ਫਿਊਜ਼ਨ ਪਕਵਾਨਾਂ ਤੱਕ, ਐਪੀਸੋਡ ਢਾਬੇ ਦੀਆਂ ਸਭ ਤੋਂ ਵਧੀਆ ਪੇਸ਼ਕਸ਼ਾਂ ਨੂੰ ਉਜਾਗਰ ਕਰੇਗਾ, ਪੰਜਾਬ ਦੇ ਦਿਲਕਸ਼ ਭੋਜਨ ਲਈ ਪਿਆਰ ਦੇ ਤੱਤ ਨੂੰ ਹਾਸਲ ਕਰੇਗਾ। ਆਪਣੇ ਬੇਮਿਸਾਲ ਪਕਵਾਨਾਂ ਲਈ ਜਾਣੇ ਜਾਂਦੇ, ਢਾਬੇ ਨੂੰ ਜ਼ੋਮੈਟੋ ਦੁਆਰਾ ਸਰਵੋਤਮ ਬਟਰ ਚਿਕਨ ਦੀ ਸੇਵਾ ਕਰਨ ਲਈ ਵੀ ਸਨਮਾਨਿਤ ਕੀਤਾ ਗਿਆ ਹੈ।

ਮੇਜ਼ਬਾਨਾਂ ਦੇ ਜੋਸ਼ੀਲੇ ਸੁਹਜ ਦੇ ਨਾਲ, ਜ਼ਾਇਕਾ ਪੰਜਾਬ ਦਾ ਸਥਾਨਕ ਕਹਾਣੀਆਂ ਅਤੇ ਲੁਕਵੇਂ ਰਤਨਾਂ ਨਾਲ ਰਸੋਈ ਦੇ ਸਾਹਸ ਨੂੰ ਮਿਲਾ ਕੇ ਦਰਸ਼ਕਾਂ ਨੂੰ ਆਕਰਸ਼ਿਤ ਕਰਨਾ ਜਾਰੀ ਰੱਖਦਾ ਹੈ। ਭਾਵੇਂ ਤੁਸੀਂ ਖਾਣੇ ਦੇ ਸ਼ੌਕੀਨ ਹੋ ਜਾਂ ਨਵੀਆਂ ਥਾਵਾਂ ਦੀ ਖੋਜ ਕਰਨਾ ਪਸੰਦ ਕਰਦੇ ਹੋ, ਇਹ ਐਪੀਸੋਡ ਸੁਆਦ ਅਤੇ ਮਜ਼ੇਦਾਰ ਹੈ, ਜੋ ਦਰਸ਼ਕਾਂ ਨੂੰ ਮੋਹਾਲੀ ਦੇ ਜੀਵੰਤ ਭੋਜਨ ਦ੍ਰਿਸ਼ ਦਾ ਸੁਆਦ ਦਿੰਦਾ ਹੈ।

ਆਪਣੇ ਕੈਲੰਡਰਾਂ ਤੇ ਨਿਸ਼ਾਨ ਲਗਾਓ ਅਤੇ ਅਨਮੋਲ ਅਤੇ ਦੀਪਾਲੀ ਨਾਲ ਇਸ ਸ਼ਨਿਚਰਵਾਰ ਸ਼ਾਮ 6 ਵਜੇ, ਸਿਰਫ਼ ਜ਼ੀ ਪੰਜਾਬੀ ਤੇ ਇਸ ਮੂੰਹ-ਪਾਣੀ ਦੀ ਮੁਹਿੰਮ ਵਿੱਚ ਸ਼ਾਮਲ ਹੋਵੋ!

# ਸਖ਼ਤ ਮਿਹਨਤ ਨਾਲ ਕਿਸੇ ਵੀ ਮੰਜ਼ਿਲ ਨੂੰ ਸਰ ਕੀਤਾ ਜਾ ਸਕਦਾਹੈ-ਡਿਪਟੀ ਕਮਿਸ਼ਨਰ



ਮਾਨਸਾ, (ਲੋਕ ਬਾਣੀ)

ਜਦੋਂ ਅਸੀਂ ਸਖ਼ਤ ਮਿਹਨਤ ਕਰਦੇ ਹਾਂ ਤਾਂ ਅਸੀਂ ਕੋਈ ਵੀ ਮੰਜ਼ਿਲ ਨੂੰ ਸਰ ਕਰ ਸਕਦੇ ਹਾਂ ਅਤੇ ਕੋਈ ਵੀ ਮੁਕਾਮ ਹਾਸਿਲ ਕਰਨ ਦੇ ਸਮਰੱਥ ਬਣਦੇ ਹਾਂ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਮਾਨਸਾ ਸ਼੍ਰੀ ਕੁਲਵੰਤ ਸਿੰਘ ਆਈ.ਏ.ਐਸ. ਨੇ ਅੱਜ ਏਸ਼ੀਅਨ ਡਰੈਗਨ ਬੋਟ ਚੈਂਪੀਅਨਸ਼ਿਪ 2024 ਵਿੱਚ 200 ਮੀਟਰ ਅਤੇ 500 ਮੀਟਰ ਵਿੱਚ 2 ਕਾਂਸੇ ਦੇ ਤਗਮੇ ਪ੍ਰਾਪਤ ਕਰਨ ਵਾਲੀ ਪਿੰਡ ਖੈਰਾ ਖੁਰਦ ਦੀ ਵਸਨੀਕ ਕੋਮਲ ਰਾਣੀ ਵਰਮਾ ਪੁੱਤਰੀ ਸ਼੍ਰੀ ਵਿਜੈ ਪਾਲ ਦੀ ਹੌਂਸਲਾ ਅਫ਼ਜ਼ਾਈ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾਂ ਨਾਲ ਐਸ.ਡੀ.ਐਮ. ਸਰਦੂਲਗੜ੍ਹ ਸ਼੍ਰੀ ਨਿਤੇਸ਼ ਜੈਨ, ਕੋਚ ਸ਼੍ਰੀ ਗੁਰਪ੍ਰੀਤ ਸਿੰਘ ਅਤੇ ਸ਼੍ਰੀ ਸੁਭਾਸ਼ ਰਾਮ ਮੌਜੂਦ ਸਨ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਹਾਂਗਕਾਂਗ (ਚੀਨ) ਵਿੱਚ ਹੋਈ ਇਸ ਚੈਂਪੀਅਨਸ਼ਿਪ ਵਿੱਚ ਤਗਮਾ ਹਾਸਲ ਕਰਨਾ ਇੱਕ ਬਹੁਤ ਹੀ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਕੋਮਲ ਰਾਣੀ ਵਰਗੇ ਖਿਡਾਰੀਆਂ ਤੋਂ ਪ੍ਰੇਰਣਾ ਲੈ ਕੇ ਵੱਧ ਤੋਂ ਵੱਧ ਖੇਡਾਂ ਵੱਲ ਦਿਲਚਸਪੀ ਲੈਣੀ ਚਾਹੀਦੀ ਹੈ ਅਤੇ ਆਪਣੇ ਜ਼ਿਲ੍ਹੇ, ਸੂਬੇ ਅਤੇ ਦੇਸ਼ ਦਾ ਨਾਮ ਦੁਨੀਆ ਭਰ ਵਿੱਚ ਉੱਚਾ ਕਰਨਾ ਚਾਹੀਦਾ ਹੈ।

ਖਿਡਾਰਣ ਕੋਮਲ ਰਾਣੀ ਨੇ ਦੱਸਿਆ ਕਿ ਉਸਦੀ ਬਚਪਨ ਤੋਂ ਹੀ ਖੇਡਾਂ ਵਿੱਚ ਬਹੁਤ ਜ਼ਿਆਦਾ ਰੂਚੀ ਰਹੀ ਹੈ। ਉਸਨੇ ਕਿਹਾ ਕਿ ਉਹ ਹੋਰ ਜ਼ਿਆਦਾ ਸਖ਼ਤ ਮਿਹਨਤ ਕਰਕੇ ਆਉਣ ਵਾਲੀਆਂ ਕੌਮੀ ਅਤੇ ਓਲੰਪਿਕ ਖੇਡਾਂ ਵਿੱਚ ਭਾਗ ਲੈ ਕੇ ਆਪਣੇ ਸੂਬੇ ਅਤੇ ਦੇਸ਼ ਲਈ ਤਗਮਾ ਹਾਸਿਲ ਕਰਨਾ ਚਾਹੁੰਦੀ ਹੈ।

# ਬਲਾਕ ਪੱਧਰੀ ਖੇਡਾਂ ਚ ਕਲੱਸਟਰ ਬਹਾਦਰਪੁਰ ਬਣਿਆ ਓਵਰਆਲ ਚੈਂਪੀਅਨ



ਮਾਨਸਾ, (ਲੋਕ ਬਾਣੀ): ਪੰਜਾਬ ਸਰਕਾਰ ਸਿੱਖਿਆ ਵਿਭਾਗ ਵੱਲੋਂ ਰਾਜ ਭਰ ਦੇ ਪ੍ਰਾਇਮਰੀ ਸਕੂਲਾਂ ਅੰਦਰ ਕਰਵਾਏ ਜਾ ਰਹੇ ਖੇਡ ਟੂਰਨਾਮੈਂਟਾਂ ਤਹਿਤ ਮਾਨਸਾ ਜ਼ਿਲ੍ਹੇ ਦੇ ਕਲੱਸਟਰ ਬਹਾਦਰਪੁਰ ਨੇ ਕਲੱਸਟਰ ਪੱਧਰੀ ਖੇਡ ਮੁਕਾਬਲਿਆਂ ਚ ਲਗਾਤਾਰ ਤੀਸਰੇ ਸਾਲ ਓਵਰਆਲ ਟਰਾਫੀ ਤੇ ਕਬਜ਼ਾ ਕਰ ਕੇ ਸਭ ਨੂੰ ਚਿੱਤ ਕਰ ਦਿੱਤਾ ਹੈ। ਦੱਸਣਯੋਗ ਹੈ ਕਿ ਬਲਾਕ ਬਰੇਟਾ ਦੇ ਕਲੱਸਟਰ ਬਹਾਦਰਪੁਰ ਵਿੱਚ ਜਦੋਂ ਦਾ ਸੀਐਚਟੀ ਵਿਜੈ ਕੁਮਾਰ ਮਿੱਤਲ ਨੇ ਆਪਣਾ ਅਹੁਦਾ ਸੰਭਾਲਿਆ ਹੈ, ਇਸ ਕਲੱਸਟਰ ਨੇ ਲਗਾਤਾਰ ਤੀਸਰੇ ਸਾਲ ਬਲਾਕ ਪੱਧਰੀ ਖੇਡਾਂ ਵਿੱਚ ਆਪਣੀ ਧਾਕ ਜਮਾਈ ਹੋਈ ਹੈ। ਖੇਡਾਂ ਤੋਂ ਇਲਾਵਾ ਸੀਐਚਟੀ ਵਿਜੈ ਕੁਮਾਰ ਮਿੱਤਲ ਦੀ ਅਗਵਾਈ ਹੇਠ ਇਹ ਕਲੱਸਟਰ ਪੜ੍ਹਾਈ, ਨਵੋਦਿਆ, ਸੱਭਿਆਚਾਰਕ ਪ੍ਰੋਗਰਾਮਾਂ ਅਤੇ ਵੱਖ-ਵੱਖ ਗਤੀਵਿਧੀਆਂ ਵਿੱਚ ਵੀ ਮੂਹਰਲੀਆਂ ਕਤਾਰਾਂ ਵਿੱਚ ਆਪਣਾ ਅਹਿਮ ਰੋਲ ਅਦਾ ਕਰ ਰਿਹਾ ਹੈ। ਇਹ ਬਲਾਕ ਪੱਧਰੀ ਟੂਰਨਾਮੈਂਟ ਬਲਾਕ ਸਿੱਖਿਆ ਅਫ਼ਸਰ ਅਮਨਦੀਪ ਸਿੰਘ ਔਲਖ ਦੀ ਰਹਿਨੁਮਾਈ ਹੇਠ ਸਰਕਾਰੀ ਪ੍ਰਾਇਮਰੀ ਸਕੂਲ ਧਰਮਪੁਰਾ ਵਿਖੇ ਕਰਵਾਏ ਗਏ। ਬਲਾਕ ਬਰੇਟਾ ਦੇ ਇਨ੍ਹਾਂ ਮੁਕਾਬਲਿਆਂ ਵਿੱਚੋਂ ਕਲੱਸਟਰ ਬਹਾਦਰਪੁਰ ਨੇ ਲੜਕਿਆਂ ਵਿੱਚੋਂ ਫੁੱਟਬਾਲ, ਬੈਡਮਿੰਟਨ ਸਿੰਗਲ ਤੇ ਡਬਲ ਯੋਗਾ ਵਿਅਕਤੀਗਤ, ਯੋਗਾ ਗਰੁੱਪ, ਯੋਗਾ ਰਿਧਮਿਕ, ਕੁਸ਼ਤੀ 32 ਕਿਲੋ, ਸ਼ਤਰੰਜ, ਰੱਸਾਕਸ਼ੀ, ਦੌੜ 400 ਮੀਟਰ, ਹੈਂਡਬਾਲ, ਕਰਾਟੇ 20, 23, 26, 32, 36 ਕਿਲੋ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਜਦ ਕਿ ਲੜਕੀਆਂ ਦੇ ਹੋਏ ਮੁਕਾਬਲੇ ਵਿੱਚੋਂ ਰਿਧਮਿਕ ਜਿਮਨਾਸਟਿਕ, ਬੈਡਮਿੰਟਨ ਸਿੰਗਲ ਤੇ ਡਬਲ, ਯੋਗਾ ਵਿਅਕਤੀਗਤ, ਯੋਗਾ ਰਿਧਮਿਕ, ਸ਼ਤਰੰਜ, ਦੌੜ 100 ਮੀਟਰ, 200 ਮੀਟਰ, ਰਿਲੇਅ, ਲੰਬੀ ਛਾਲ, ਹੈਂਡਬਾਲ, ਕਰਾਟੇ 34 ਕਿਲੋ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਲੜਕਿਆਂ ਵਿੱਚੋਂ ਕਬੱਡੀ ਸਰਕਲ ਸਟਾਈਲ, ਕੁਸ਼ਤੀ 28 ਕਿਲੋ, 30 ਕਿਲੋ, ਦੌੜਾਂ 200 ਮੀਟਰ, 600 ਮੀਟਰ, ਹਾਕੀ ਛੇ ਸਾਈਡ, ਕਰਾਟੇ 29 ਕਿਲੋ ਵਿੱਚ ਦੂਸਰਾ ਸਥਾਨ ਪ੍ਰਾਪਤ ਕੀਤਾ। ਜਦ ਕਿ ਕੁੜੀਆਂ ਦੇ ਮੁਕਾਬਲਿਆਂ ਵਿੱਚੋਂ ਫੁੱਟਬਾਲ, ਯੋਗਾ ਗਰੁੱਪ, ਦੌੜ 100 ਮੀਟਰ, ਦੌੜ 200 ਮੀਟਰ, ਕਰਾਟੇ 18, 24, 27, 30, 34 ਕਿਲੋ ਵਿੱਚੋਂ ਦੂਸਰਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਬਹੁਤ ਸਾਰੇ ਮੁਕਾਬਲਿਆਂ ਵਿੱਚੋਂ ਤੀਸਰਾ ਸਥਾਨ ਪ੍ਰਾਪਤ ਕਰਕੇ ਸੈਂਟਰ ਬਹਾਦਰਪੁਰ ਨੇ ਜ਼ਿਲ੍ਹਾ ਪੱਧਰੀ ਟੂਰਨਾਮੈਂਟ ਵਿੱਚ ਆਪਣੀ ਵਿਸ਼ੇਸ ਥਾਂ ਮੱਲ ਲਈ ਹੈ। ਇੱਥੇ ਇਹ ਵੀ ਵਰਣਨਯੋਗ ਹੈ ਕਿ ਇਸ ਸੈਂਟਰ ਦੇ ਬੱਚਿਆਂ ਦੀਆਂ ਜ਼ਿਲ੍ਹਾ ਪੱਧਰੀ ਖੇਡਾਂ ਅਤੇ ਸਟੇਟ ਪੱਧਰੀ ਖੇਡ ਟੂਰਨਾਮੈਂਟਾਂ ਵਿੱਚ ਵੀ ਅਹਿਮ ਪੋਜ਼ੀਸ਼ਨਾਂ ਆਉਂਦੀਆਂ ਹਨ। ਇਸ ਅਹਿਮ ਪ੍ਰਾਪਤੀ ਲਈ ਕਲੱਸਟਰ ਖੇਡ ਇੰਚਾਰਜ਼ ਵਿਨੋਦ ਕੁਮਾਰ, ਹਰਮੀਤ ਸਿੰਘ, ਹਰਜਿੰਦਰ ਸਿੰਘ, ਰਮੇਸ਼ ਕੁਮਾਰ, ਸੁਖਵਿੰਦਰ ਸਿੰਗਲਾ, ਸੋਨੂ ਰਾਮ, ਕਰਮਦੀਨ ਖਾਨ, ਨਾਇਬ ਸਿੰਘ, ਅਮਨਦੀਪ, ਜਗਜੀਵਨ ਕੁਮਾਰ, ਜਗਸੀਰ ਸਿੰਘ, ਰਾਮਜਸ ਸਿੰਘ, ਕੇਵਲ ਕ੍ਰਿਸ਼ਨ, ਪਾਰਸਮਨੀ, ਰਜਨੀਸ਼ ਅਰੋੜਾ, ਗੁਰਵਿੰਦਰ ਸਿੰਘ, ਬ੍ਰਿਛ ਭਾਨ, ਅਰਚਿਤ ਅਤੇ ਲਖਵਿੰਦਰ ਸਿੰਘ ਦਾ ਵਿਸ਼ੇਸ਼ ਸਹਿਯੋਗ ਰਿਹਾ। ਉੱਧਰ ਕਲੱਸਟਰ ਬਹਾਦਰਪੁਰ ਨੂੰ ਲਗਾਤਾਰ ਤੀਸਰੀ ਵਾਰ ਚੈਂਪੀਅਨ ਬਣਨ ਤੇ ਵੱਖ-ਵੱਖ ਸਿੱਖਿਆ ਸੰਸਥਾਵਾਂ ਅਤੇ ਜੰਥੇਬੰਦੀਆਂ ਨੇ ਵਧਾਈ ਦਿੱਤੀ।

# ਕਾਨੂੰਨੀ ਸੇਵਾਵਾਂ ਅਥਾਰਟੀ, ਵੱਲੋਂ ਜ਼ਿਲ੍ਹਾ ਜੇਲ੍ਹ ਵਿਖੇ ਬੰਦੀਆਂ ਨੂੰ ਦੀਵੇ ਬਣਾਉਣ ਦੀ ਕਰਵਾਈ ਟਰੇਨਿੰਗ




ਬਰਨਾਲਾ,(ਲੋਕ ਬਾਣੀ) ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਬਰਨਾਲਾ ਵੱਲੋਂ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ.ਏ.ਐੱਸ ਨਗਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਸ਼੍ਰੀ ਬੀ.ਬੀ.ਐੱਸ. ਤੇਜੀ ਦੀ ਯੋਗ ਅਗਵਾਈ ਹੇਠ, ਜ਼ਿਲ੍ਹਾ ਜੇਲ੍ਹ, ਬਰਨਾਲਾ ਵਿਖੇ ਬੰਦੀਆਂ ਨੂੰ ਮਿੱਟੀ ਦੇ ਦੀਵੇ ਬਣਾਉਣ ਦੀ ਟਰੇਨਿੰਗ ਦਵਾਈ ਗਈ। ਇਸ ਮੌਕੇ 'ਤੇ ਲਗਭਗ 40 ਤੋਂ 50 ਬੰਦੀਆਂ ਨੇ ਇਸ ਟਰੇਨਿੰਗ ਵਿੱਚ ਹਿੱਸਾ ਲਿਆ। ਇਸ ਟਰੇਨਿੰਗ ਦਾ ਮੁੱਖ ਮੰਤਵ ਇਹ ਸੀ ਕਿ ਜਦੋਂ ਬੰਦੀ ਬਾਹਰ ਜਾਣ ਤਾਂ ਉਹ ਬਾਹਰ ਜਾ ਕੇ ਆਪਣਾ ਰੋਜ਼ਗਾਰ ਚਲਾ ਸਕਣ। ਇਸ ਮੌਕੇ ਤੇ ਬੰਦੀਆਂ ਵੱਲੋਂ ਲਗਭਗ 300 ਤੋਂ 400 ਮਿੱਟੀ ਦੇ ਦੀਵੇ ਤਿਆਰ ਕੀਤੇ ਗਏ। ਇਸ ਮੌਕੇ ਤੇ ਮਾਨਯੋਗ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਬਰਨਾਲਾ ਸ਼੍ਰੀ ਮਦਨ ਲਾਲ ਵੱਲੋਂ ਦੱਸਿਆ ਗਿਆ ਕਿ ਉਕਤ ਬਣਾਏ ਗਏ ਦੀਵਿਆਂ ਦੀ ਇੱਕ ਸਟਾਲ ਦੀਵਾਲੀ ਦੇ ਮੌਕੇ ਲਗਾਈ ਜਾਵੇਗੀ।

ਇਸ ਮੌਕੇ ਮਾਨਯੋਗ ਸਕੱਤਰ ਸਾਹਿਬ ਵੱਲੋਂ ਬੰਦੀਆਂ ਦੀਆਂ ਮੁਸ਼ਕਿਲਾਂ ਸਬੰਧੀ ਵੀ ਪੁੱਛਿਆ ਗਿਆ ਅਤੇ ਉਹਨਾਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਸਬੰਧੀ ਜਾਗਰੂਕ ਕੀਤਾ ਗਿਆ। ਇਸ ਮੌਕੇ ਜੇਲ੍ਹ ਸੁਪਰਡੈਂਟ ਸ਼੍ਰੀ ਗੁਰਚਰਨ ਸਿੰਘ ਧਾਲੀਵਾਲ, ਚੀਫ ਲੀਗਲ ਏਡ ਡਿਫੈਂਸ ਕਾਉਸਲ ਸ਼੍ਰੀ ਗੁਰਮੇਲ ਸਿੰਘ ਗਿੱਲ, ਅਸਿਸਟੈਂਟ ਲੀਗਲ ਏਡ ਡਿਫੈਂਸ ਕਾਉਂਸਲ ਮਿਸ ਲਵਲੀਨ ਕੌਰ ਵੀ ਹਾਜ਼ਰ ਰਹੇ।

# ਉਪ ਚੋਣ: ਕੁੱਲ 20 ਨਾਮਜ਼ਦਗੀ ਪੱਤਰ ਦਾਖ਼ਲ: ਜ਼ਿਲ੍ਹਾ ਚੋਣ ਅਫ਼ਸਰ



ਬਰਨਾਲਾ,(ਲੋਕ ਬਾਣੀ)

ਵਿਧਾਨ ਸਭਾ ਹਲਕਾ 103 ਬਰਨਾਲਾ ਦੀ ਉਪ ਚੋਣ ਸਬੰਧੀ ਕੁੱਲ 20 ਨਾਮਜ਼ਦਗੀਆਂ ਦਾਖ਼ਲ ਹੋਈਆਂ ਹਨ।

ਜ਼ਿਲ੍ਹਾ ਚੋਣਕਾਰ ਅਫ਼ਸਰ ਬਰਨਾਲਾ ਮੈਡਮ ਪੂਨਮਦੀਪ ਕੌਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਅੱਜ 11 ਨਾਮਜ਼ਦਗੀ ਪੱਤਰ ਦਾਖਲ ਹੋਏ। 24 ਅਕਤੂਬਰ ਨੂੰ 8 ਨਾਮਜ਼ਦਗੀ ਪੱਤਰ, ਜਦਕਿ 23 ਅਕਤੂਬਰ ਨੂੰ 1 ਨਾਮਜ਼ਦਗੀ ਪੱਤਰ ਦਾਖ਼ਲ ਹੋਇਆ।

ਅੱਜ 25 ਅਕਤੂਬਰ ਨੂੰ ਹਰਿੰਦਰ ਸਿੰਘ ਧਾਲੀਵਾਲ ਆਮ ਆਦਮੀ ਪਾਰਟੀ, ਹਰਿੰਦਰ ਸਿੰਘ ਧਾਲੀਵਾਲ ਆਮ ਆਦਮੀ ਪਾਰਟੀ, ਰੋਹਿਤ ਕੁਮਾਰ ਆਮ ਆਦਮੀ ਪਾਰਟੀ, ਰੋਹਿਤ ਕੁਮਾਰ ਆਮ ਆਦਮੀ ਪਾਰਟੀ, ਤਰਸੇਮ ਸਿੰਘ ਆਜ਼ਾਦ, ਜਗਮੋਹਨ ਸਿੰਘ ਆਜ਼ਾਦ, ਬੱਗਾ ਸਿੰਘ ਕਾਹਣੇਕੇ ਆਜ਼ਾਦ, ਗੁਰਦੀਪ ਸਿੰਘ ਬਾਠ ਆਜ਼ਾਦ, ਗੋਵਿੰਦ ਸਿੰਘ ਸੰਧੂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) , ਗੁਰਪ੍ਰੀਤ ਸਿੰਘ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਯਾਦਵਿੰਦਰ ਸਿੰਘ ਆਪਣੀ ਏਕਤਾ ਪਾਰਟੀ ਨੇ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ।

24 ਅਕਤੂਬਰ ਨੂੰ ਕੇਵਲ ਸਿੰਘ ਢਿੱਲੋਂ ਭਾਰਤੀ ਜਨਤਾ ਪਾਰਟੀ, ਕਰਨ ਇੰਦਰ ਸਿੰਘ ਭਾਰਤੀ ਜਨਤਾ ਪਾਰਟੀ, ਸਰਦੂਲ ਸਿੰਘ ਆਜ਼ਾਦ, ਸੁਖਚੈਨ ਸਿੰਘ ਆਜ਼ਾਦ, ਕੁਲਦੀਪ ਸਿੰਘ ਢਿੱਲੋਂ ਇੰਡੀਅਨ ਨੈਸ਼ਨਲ ਕਾਂਗਰਸ, ਅਰੁਣ ਪ੍ਰਤਾਪ ਸਿੰਘ ਢਿੱਲੋਂ ਇੰਡੀਅਨ ਨੈਸ਼ਨਲ ਕਾਂਗਰਸ, ਰਾਜੂ ਆਜ਼ਾਦ, ਜੈ ਰਾਮ ਰੈਵੋਲੇਸ਼ਨਰੀ ਸੋਸ਼ਲਿਸਟ ਪਾਰਟੀ ਨੇ ਕਾਗਜ਼ ਦਾਖ਼ਲ ਕੀਤੇ, ਜਦਕਿ 23 ਅਕਤੂਬਰ ਨੂੰ ਪੱਪੂ ਕੁਮਾਰ ਆਜ਼ਾਦ ਉਮੀਦਵਾਰ ਨੇ ਕਾਗਜ਼ ਦਾਖਲ ਕੀਤੇ।

ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਨਾਮਜ਼ਦਗੀ ਪੱਤਰਾਂ ਦੀ ਪੜਤਾਲ 28 ਅਕਤੂਬਰ (ਸੋਮਵਾਰ) ਨੂੰ ਕੀਤੀ ਜਾਵੇਗੀ, ਜਦਕਿ ਨਾਮਜ਼ਦਗੀ ਪੱਤਰ ਵਾਪਸ ਲੈਣ ਦੀ ਅੰਤਿਮ ਮਿਤੀ 30 ਅਕਤੂਬਰ (ਬੁੱਧਵਾਰ) ਹੈ।

# ਆਰੀਆ ਸੀਨੀਅਰ ਸੈਕੰਡਰੀ ਸਕੂਲ ਧੂਰੀ ਦੀ ਨਵੀਂ ਬਣੀ ਪ੍ਰਬੰਧਕ ਕਮੇਟੀ ਨੇ ਸੰਭਾਲਿਆ ਕਾਰਜ ਭਾਰ, ਵਿਕੀ ਪਰੋਚਾ ਬਣੇ ਪ੍ਰਧਾਨ

ਧੂਰੀ (ਲੋਕ ਬਾਣੀ) )ਵਿਦਿਆ ਪਰਿਸ਼ਦ ਪੰਜਾਬ ਵੱਲੋਂ ਆਰੀਆ ਸੀਨੀਅਰ ਸੈਕੰਡਰੀ ਸਕੂਲ ਧੂਰੀ ਦੀ ਗਠਿਤ ਕੀਤੀ ਗਈ ਨਵੀਂ ਪ੍ਰਬੰਧਕੀ ਕਮੇਟੀ ਵੱਲੋਂ ਅੱਜ ਆਪਣਾ ਕਾਰਜ਼ਭਾਰ ਸੰਭਾਲ ਲਿਆ

ਗਿਆ। ਇਸ ਨਵੀਂ ਚੁਣੀ ਗਈ ਕਮੇਟੀ ਚ ਵਿੱਕੀ ਪਰੋਚਾ ਨੂੰ ਪ੍ਰਧਾਨ, ਪਵਨ ਕੁਮਾਰ ਗਰਗ, ਰਾਮਪਾਲ ਆਰੀਆ ਤੇ ਵਿਕਾਸ ਜਿੰਦਲ ਨੂੰ ਮੀਤ ਪ੍ਰਧਾਨ, ਵਰਿੰਦਰ ਕੁਮਾਰ ਗਰਗ ਨੂੰ ਮੈਨੇਜਰ ਤੇ ਰਾਜੀਵ ਮੋਹਿਤ ਨੂੰ ਸਕੱਤਰ ਵਜੋਂ ਸ਼ਾਮਿਲ ਕੀਤਾ ਗਿਆ ਹੈ, ਜਦੋਂਕਿ ਸ਼ਾਮ ਆਰੀਆ, ਸਤੀਸ਼ ਪਾਲ ਆਰੀਆ, ਸੁਰਜੀਤ ਸਰੀਨ, ਐਡਵੋਕੇਟ ਰਜਨੀਸ਼ ਧੀਰ, ਸੁਰਿੰਦਰ ਕੁਮਾਰ, ਅਨਿਲ ਕੁਮਾਰ ਤੇ ਸੰਦੀਪ ਕੁਮਾਰ ਨੂੰ ਮੈਂਬਰ ਵਜੋਂ ਸ਼ਾਮਿਲ ਕੀਤਾ ਗਿਆ ਹੈ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਨਵ-ਨਿਯੁਕਤ ਪ੍ਰਧਾਨ ਵਿੱਕੀ ਪਰੋਚਾ ਤੇ ਹੋਰ ਅਹੁਦੇਦਾਰਾਂ ਨੇ ਇਸ ਨਿਯੁਕਤੀ ਲਈ ਆਰੀਆ ਵਿਦਿਆ ਪਰਿਸ਼ਦ ਦੇ ਪ੍ਰਧਾਨ ਸੁਦਰਸ਼ਨ ਸ਼ਰਮਾ ਦਾ ਧੰਨਵਾਦ ਕੀਤਾ ਤੇ ਉਹਨਾਂ ਕਿਹਾ ਕਿ ਮਿਲੀ ਜ਼ੁੰਮੇਵਾਰੀ ਨੂੰ ਸਭਨਾਂ ਦੇ ਸਹਿਯੋਗ ਸਦਕਾ ਇਮਾਨਦਾਰੀ ਨਾਲ ਨਿਭਾਉਣਗੇ

# ਐਕਸਪੋਜ਼ਰ ਦੌਰਿਆਂ ਦਾ ਮੰਤਵ ਵਿਦਿਆਰਥੀਆਂ ਦੇ ਵਿੱਦਿਅਕ ਅਨੁਭਵ ਨੂੰ ਵਧਾਉਣਾ ਹੈ-ਡਿਪਟੀ ਕਮਿਸ਼ਨਰ ਕੁਲਵੰਤ ਸਿੰਘ



ਮਾਨਸਾ, (ਲੋਕ ਬਾਣੀ)

ਸਕੂਲ ਆਫ਼ ਐਮੀਨੈਂਸ ਦੇ ਵਿਦਿਆਰਥੀਆਂ ਲਈ ਵੱਖ-ਵੱਖ ਸੰਸਥਾਵਾਂ ਵਿਖੇ ਐਕਸਪੋਜ਼ਰ ਦੌਰੇ ਕਰਵਾਉਣ ਦੇ ਮੰਤਵ ਨਾਲ ਅੱਜ 11 ਜਮਾਤ ਦੇ ਵਿਦਿਆਰਥੀਆਂ ਵੱਲੋਂ ਡਿਪਟੀ ਕਮਿਸ਼ਨਰ ਮਾਨਸਾ ਸ਼੍ਰੀ ਕੁਲਵੰਤ ਸਿੰਘ ਆਈ.ਏ.ਐਸ. ਨਾਲ ਮੁਲਾਕਾਤ ਕੀਤੀ ਗਈ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਐਕਸਪੋਜ਼ਰ ਦੌਰੇ ਦਾ ਮੰਤਵ ਵੱਖ-ਵੱਖ ਸੰਸਥਾਵਾਂ ਵਿਖੇ ਮਾਹਿਰਾਂ ਨਾਲ ਗੱਲਬਾਤ ਰਾਹੀਂ ਵਿਦਿਆਰਥੀਆਂ ਦੇ ਵਿੱਦਿਅਕ ਅਨੁਭਵ ਨੂੰ ਵਧਾਉਣਾ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਖੇਤਰ ਨਾਲ ਸਬੰਧਤ ਵੱਖ-ਵੱਖ ਪੱਖਾਂ ਦੀ ਵਿਹਾਰਕ ਸਾਂਝ ਪ੍ਰਦਾਨ ਕਰਨਾ ਹੈ, ਤਾਂ ਜੋ ਵਿਦਿਆਰਥੀ ਆਪਣੇ ਕੈਰੀਅਰ ਦੀ ਚੋਣ ਬਾਰੇ ਫੈਸਲੇ ਲੈਣ ਦੇ ਸਮਰੱਥ ਬਣ ਸਕਣ।

ਡਿਪਟੀ ਕਮਿਸ਼ਨਰ ਸ਼੍ਰੀ ਕੁਲਵੰਤ ਸਿੰਘ ਨੇ ਵਿਦਿਆਰਥੀਆਂ ਨੂੰ ਪ੍ਰਸ਼ਾਸਨਿਕ ਕੰਮਾਂ ਤੋਂ ਜਾਣੂ ਕਰਵਾਉਂਦਿਆਂ ਦੱਸਿਆ ਕਿ ਸਾਰਾ ਪ੍ਰਸ਼ਾਸਨ ਇੱਕ ਸਿਸਟਮ ਦੇ ਤਹਿਤ ਕੰਮ ਕਰਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਸਹੂਲਤਾਂ ਦਾ ਲਾਭ ਲੈਣ ਲਈ ਸਾਨੂੰ ਉਨ੍ਹਾਂ ਸਕੀਮਾਂ ਦੀ ਜਾਣਕਾਰੀ ਹੋਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਯੂ.ਪੀ.ਐਸ.ਸੀ. ਅਤੇ ਹੋਰ ਟੈਸਟਾਂ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਅਤੇ ਕਿਸ ਤਰ੍ਹਾਂ ਟੈਸਟ ਪਾਸ ਕਰਨ ਲਈ ਤਿਆਰੀ ਕਰਨੀ ਚਾਹੀਦੀ ਹੈ, ਉਸ ਸਬੰਧੀ ਵੀ ਵਿਸਥਾਰ ਨਾਲ ਸਮਝਾਇਆ। ਉਨ੍ਹਾਂ ਵਿਦਿਆਰਥੀਆਂ ਨਾਲ ਆਪਣੇ ਪੜ੍ਹਾਈ ਸਮੇਂ ਦੇ ਤਜ਼ਰਬੇ ਵੀ ਸਾਂਝੇ ਕੀਤੇ ਅਤੇ ਵਿਦਿਆਰਥੀਆਂ ਨੂੰ ਪੂਰੀ ਮਿਹਨਤ ਅਤੇ ਆਤਮ-ਵਿਸ਼ਵਾਸ ਨਾਲ ਇਮਤਿਹਾਨਾਂ ਦੀ ਤਿਆਰੀ ਕਰਨ ਲਈ ਪ੍ਰੇਰਿਤ ਕੀਤਾ।

ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਡਾ. ਪਰਮਜੀਤ ਸਿੰਘ ਅਤੇ ਪ੍ਰਿੰਸੀਪਲ ਸਕੂਲ ਆਫ਼ ਐਮੀਨੈਂਸ ਸ਼੍ਰੀ ਵਿਜੈ ਕੁਮਾਰ ਮਿੱਢਾ ਨੇ ਦੱਸਿਆ ਕਿ ਅੱਜ ਸਕੂਲ ਆਫ਼ ਐਮੀਨੈਂਸ ਦੇ ਸਾਇੰਸ ਅਤੇ ਆਰਟਸ ਵਿਸ਼ੇ ਦੇ ਵਿਦਿਆਰਥੀਆਂ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਮਾਨਸਾ ਨਾਲ ਗੱਲਬਾਤ ਰਾਹੀਂ ਪ੍ਰਸ਼ਾਸਨਿਕ ਕੰਮਾਂ ਨੂੰ ਸਮਝਿਆ। ਇਸ ਤੋਂ ਇਲਾਵਾ ਸਕੂਲ ਦੇ ਵਿਦਿਆਰਥੀਆਂ ਵੱਲੋਂ ਬੈਂਕ ਵਿਖੇ ਵੀ ਦੌਰਾ ਕੀਤਾ ਗਿਆ ਅਤੇ ਬੈਂਕਾਂ ਵਿੱਚ ਕਿਸ ਢੰਗ ਨਾਲ ਕੰਮ ਹੁੰਦਾ ਹੈ, ਉਸਦੀ ਜਾਣਕਾਰੀ ਹਾਸਿਲ ਕੀਤੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਐਕਸਪੋਜ਼ਰ ਦੌਰੇ ਕਰਵਾਉਣ ਦਾ ਮਕਸਦ ਵਿਦਿਆਰਥੀਆਂ ਅਤੇ ਆਪਣੇ ਖੇਤਰ ਵਿੱਚ ਮਾਹਿਰਾਂ ਵਿੱਚਕਾਰ ਤਾਲਮੇਲ ਦੀ ਸਹੂਲਤ ਪ੍ਰਦਾਨ ਕਰਨਾ ਅਤੇ ਵਿਦਿਆਰਥੀਆਂ ਨੂੰ ਸੰਸਥਾਗਤ ਅਭਿਆਸਾਂ ਦੀ ਸਮਝ ਪ੍ਰਾਪਤ ਕਰਨ ਦੇ ਯੋਗ ਬਣਾਉਣਾ ਹੈ।

ਇਸ ਮੌਕੇ ਲੈਕਚਰਾਰ ਸੁਰਿੰਦਰ ਮਿੱਤਲ, ਕਿਰਨਪ੍ਰੀਤ ਕੌਰ, ਮੈਡਮ ਸ਼ਿਵਾਲੀ ਅਤੇ ਸਾਇੰਸ ਅਧਿਆਪਕ ਪੂਨਮ ਅਗਰਵਾਲ ਤੋਂ ਇਲਾਵਾ ਸਕੂਲ ਆਫ਼ ਐਮੀਨੈਂਸ ਦੇ ਵਿਦਿਆਰਥੀ ਮੌਜੂਦ ਸਨ

ਰੋਜ਼ਾਨਾ ਲੋਕ ਬਾਣੀ
www.lokbani

# ਨਵ ਨਿਯੁਕਤ ਸਰਪੰਚਾਂ ਨੇ ਪਿੰਡ ਵਾਸੀਆਂ ਅਤੇ ਪੰਚਾਇਤ ਮੈਂਬਰਾਂ ਦਾ ਧੰਨਵਾਦ ਕੀਤਾ ਸਮੁੱਚੀਆਂ ਪੰਚਾਇਤਾਂ ਦਾ ਹਲਕਾ ਵਿਧਾਇਕ ਕੁਲਵੰਤ ਸਿੰਘ ਵੱਲੋਂ ਸਵਾਗਤ



ਪਾਤੜਾਂ, (ਲੋਕ ਬਾਣੀ)- ਬੀਤੇ ਦਿਨੀਂ ਸੂਬੇ ਅੰਦਰ ਹੋਈਆਂ ਪੰਚਾਇਤੀ ਚੋਣਾਂ ਦੌਰਾਨ ਚੋਣ ਮੈਦਾਨ ਵਿੱਚ ਉਤਰੇ ਉਮੀਦਵਾਰਾਂ ਵਿੱਚੋਂ ਪਿੰਡ ਹਰਿਆਊ ਖੁਰਦ ਦੇ ਸਰਪੰਚ ਗੱਜਣ ਸਿੰਘ ਨੇ ਪਿੰਡ ਹਰਿਆਊ ਖੁਰਦ ਦੇ ਵੋਟਰਾਂ ਦਾ ਉਚੇਚੇ ਤੌਰ ਤੇ ਧੰਨਵਾਦ ਕੀਤਾ ਹਰਿਆਊ ਜੱਟਾਂ ਦੇ ਸਰਪੰਚ ਬਲਜਿੰਦਰ ਸਿੰਘ ਨੇ ਵੀ ਆਪਣੀ ਪੰਚਾਇਤ ਦੇ ਵੋਟਰਾਂ ਦਾ ਧੰਨਵਾਦ ਕੀਤਾ ਅਤੇ ਗੁਰੂ ਅਰਜਨ ਦੇਵ ਨਗਰ ਪੰਚਾਇਤ ਦੇ ਸਰਪੰਚ ਬਚਿੱਤਰ ਸਿੰਘ ਵੜੈਚ ਨੇ ਵੀ ਆਪਣੀ ਸਮੁੱਚੀ ਪੰਚਾਇਤ ਦਾ ਉਚੇਚੇ ਤੌਰ ਤੇ ਧੰਨਵਾਦ ਕੀਤਾ ਅਤੇ ਸਾਰੀਆਂ ਪੰਚਾਇਤਾਂ ਦਾ ਹਲਕਾ ਸਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਨੇ ਨਿੱਘਾ ਸਵਾਗਤ ਅਤੇ ਸਨਮਾਨ ਕੀਤਾ ਗੱਲਬਾਤ ਕਰਦਿਆਂ ਪਿੰਡ ਹਰਿਆਊ ਖੁਰਦ ਦੇ ਸਰਪੰਚ ਗੱਜਨ ਸਿੰਘ ਨੇ ਕਿਹਾ ਕਿ ਸਮੁੱਚੀਆਂ ਰਾਜਸ਼ੀ ਪਾਰਟੀਆਂ ਦੇ ਆਗੂ ਅਤੇ ਵਰਕਰਾਂ ਵੱਲੋਂ ਪਿੰਡ ਦਾ ਇੱਕ ਸਰਪੰਚ ਚੁਣਿਆ ਜਾਂਦਾ ਹੈ ਅਤੇ ਸਰਪੰਚ ਨੂੰ ਵੀ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਨਿਰਪੱਖ ਵਿਕਾਸ ਕਾਰਜਾਂ ਵਿੱਚ ਆਪਣਾ ਯੋਗਦਾਨ ਪਾਉਣਾ ਹੁੰਦਾ ਹੈ ਉਹਨਾਂ ਵਿਸ਼ਵਾਸ ਦਵਾਇਆ ਕਿ ਉਹ ਪਾਰਟੀ ਬਾਜੀ ਤੋਂ ਉੱਪਰ ਉੱਠ ਕੇ ਆਪਣੇ ਪਿੰਡ ਦੇ ਵੋਟਰਾਂ ਦਾ ਤਹਿ ਦਿਲੋਂ ਸਤਿਕਾਰ ਕਰਨਗੇ ਉਹਨਾਂ ਗੱਲਬਾਤ ਕਰਦਿਆਂ ਅੱਗੇ ਕਿਹਾ ਕਿ ਕੁਝ ਅਖਬਾਰਾਂ ਦੇ ਪੱਤਰਕਾਰ ਬਿਨਾਂ ਪੁੱਛੇ ਖਬਰਾਂ ਲਾ ਦਿੰਦੇ ਹਨ ਜਿਨਾਂ ਵਿੱਚ ਇਹ ਲਿਖ ਦਿੰਦੇ ਹਨ ਕਿ ਹਰਿਆਊ ਦੀਆਂ ਪੰਚਾਇਤਾਂ ਉੱਪਰ ਅਕਾਲੀ ਦਲ ਦਾ ਕਬਜ਼ਾ ਇਹੋ ਜਿਹੀਆਂ ਖਬਰਾਂ ਦਾ ਮੈਂ ਦਿਲੋਂ ਖੰਡਨ ਕਰਦਾ ਹਾਂ ਅਤੇ ਸਮੁੱਚੀਆਂ ਰਾਜਸੀ ਪਾਰਟੀਆਂ ਦੇ ਆਗੂ ਅਤੇ ਵਰਕਰਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਕਿ ਜਿਨਾਂ ਨੇ ਨਿਰਪੱਖ ਹੋ ਕੇ ਵੱਡੀ ਗਿਣਤੀ ਵਿੱਚ ਮੈਨੂੰ ਪਿੰਡ ਹਰਿਆਊ ਖੁਰਦ ਦਾ ਸਰਪੰਚ ਚੁਣਿਆ ਹੈ ਹਰਿਆਊ ਖੁਰਦ ਹਰਿਆਊ ਜੱਟਾ ਅਤੇ ਗੁਰੂ ਅਰਜਨ ਦੇਵ ਨਗਰ ਦੇ ਸਰਪੰਚਾਂ ਨੇ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ ਅਤੇ ਆਪੋ ਆਪਣੇ ਵਾਰਡਾਂ ਵਿੱਚ ਜੇਤੂ ਰਹੇ ਪੰਚਾਇਤ ਮੈਂਬਰਾਂ ਦਾ ਵੀ ਧੰਨਵਾਦ ਕੀਤਾ

# ਵਿਜੀਲੈਂਸ ਬਿਊਰੋ ਵੱਲੋਂ ਬਹੁ-ਕਰੋੜੀ ਝੋਨਾ ਘੁਟਾਲੇ ਵਿੱਚ ਭਗੌੜਾ ਗੁਲਸ਼ਨ ਜੈਨ ਗ੍ਰਿਫ਼ਤਾਰ

ਚੰਡੀਗੜ੍ਹ,(ਲੋਕ ਬਾਣੀ) ਪੰਜਾਬ ਵਿਜੀਲੈਂਸ ਬਿਊਰੋ ਨੇ ਅੰਮ੍ਰਿਤਸਰ ਜ਼ਿਲ੍ਹੇ ਚ ਹੋਏ ਬਹੁ-ਕਰੋੜੀ ਝੋਨਾ ਘੁਟਾਲੇ ਵਿੱਚ ਲੋੜੀਂਦੇ ਭਗੌੜੇ (ਪੀ.ਓ.) ਗੁਲਸ਼ਨ ਜੈਨ ਨੂੰ ਗ੍ਰਿਫ਼ਤਾਰ ਕਰਕੇ ਅਹਿਮ ਸਫ਼ਲਤਾ ਹਾਸਲ ਕੀਤੀ ਹੈ। ਦੱਸਣਯੋਗ ਹੈ ਕਿ ਗੁਲਸ਼ਨ ਜੈਨ ਨੂੰ ਅਦਾਲਤ ਨੇ ਸਾਲ 2019 ਵਿੱਚ ਭਗੌੜਾ ਕਰਾਰ ਦਿੱਤਾ ਸੀ।

ਵਿਜੀਲੈਂਸ ਬਿਊਰੋ ਦੇ ਅਧਿਕਾਰਤ ਬੁਲਾਰੇ ਨੇ ਅੱਜ ਇਥੇ ਦੱਸਿਆ ਕਿ ਅੰਮ੍ਰਿਤਸਰ ਜ਼ਿਲ੍ਹੇ ਦੇ ਜੰਡਿਆਲਾ ਦੇ ਵਸਨੀਕ ਗੁਲਸ਼ਨ ਜੈਨ ਨੂੰ ਐਫ.ਆਈ.ਆਰ. ਨੰਬਰ 44 ਮਿਤੀ 05.04.2018 ਦੇ ਸਬੰਧ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ। ਇਹ ਕੇਸ ਪੁਲਿਸ ਥਾਣਾ ਜੰਡਿਆਲਾ ਗੁਰੂ (ਅੰਮ੍ਰਿਤਸਰ ਦਿਹਾਤੀ) ਵਿਖੇ ਆਈ.ਪੀ.ਸੀ. ਦੀਆਂ ਵੱਖ-ਵੱਖ ਧਾਰਾਵਾਂ 406, 409, 420, 467, 468, 471, ਅਤੇ 120-ਬੀ ਦੇ ਨਾਲ-ਨਾਲ ਭ੍ਰਿਸ਼ਟਾਚਾਰ ਰੋਕੂ ਐਕਟ 1988 ਦੀ ਧਾਰਾ 13 (1) (ਡੀ) ਅਤੇ 13 (2) ਦੇ ਤਹਿਤ ਦਰਜ ਕੀਤਾ ਗਿਆ ਸੀ।

ਉਨ੍ਹਾਂ ਅੱਗੇ ਦੱਸਿਆ ਕਿ ਵੀਰੂ ਮੱਲ ਮੁਲਖ ਰਾਜ ਰਾਈਸ ਮਿੱਲ ਦੇ ਡਾਇਰੈਕਟਰਾਂ/ਮਾਲਕਾਂ, ਜੋ ਗੁਲਸ਼ਨ ਜੈਨ ਦੇ ਪਰਿਵਾਰਕ ਮੈਂਬਰ ਹਨ, ਸਮੇਤ 10 ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ। ਇਸ ਤੋਂ ਇਲਾਵਾ ਰਾਜ ਸਰਕਾਰ ਦੀਆਂ ਖਰੀਦ ਏਜੰਸੀਆਂ ਦੁਆਰਾ ਮਿੱਲ ਨੂੰ ਅਲਾਟ ਕੀਤੇ ਗਏ ਲਗਭਗ 33.6 ਕਰੋੜ ਰੁਪਏ ਦੀ ਕੀਮਤ ਦੇ ਝੋਨੇ ਦੀ ਹੇਰਾਫੇਰੀ ਅਤੇ ਗ਼ਬਨ ਵਿੱਚ ਕਥਿਤ ਸ਼ਮੂਲੀਅਤ ਲਈ ਪੰਜਾਬ ਦੇ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਦੇ ਅਧਿਕਾਰੀਆਂ ਤੇ ਵੀ ਕੇਸ ਦਰਜ ਕੀਤਾ ਗਿਆ ਸੀ।

ਬੁਲਾਰੇ ਨੇ ਦੱਸਿਆ ਕਿ ਮੁਲਜ਼ਮ ਡੀ.ਐਫ.ਐਸ.ਓ. ਰਮਿੰਦਰ ਸਿੰਘ ਬਾਠ, ਏ.ਐਫ.ਐਸ.ਓ. ਸ੍ਰੀਮਤੀ ਵਿਪਨ ਸ਼ਰਮਾ, ਇੰਸਪੈਕਟਰ ਗੁਰਜਿੰਦਰ ਕੁਮਾਰ, ਸਟੈਟਿਸਟਿਕ ਟੈਕਨੀਕਲ ਅਸਿਸਟੈਂਟ (ਐਸ.ਟੀ.ਏ.) ਪਰਮਿੰਦਰ ਸਿੰਘ ਭਾਟੀਆ ਅਤੇ ਡੀ.ਐਫ.ਐਸ.ਸੀ. ਅੰਮ੍ਰਿਤਪਾਲ ਸਿੰਘ ਨੂੰ ਪਹਿਲਾਂ ਹੀ ਗ੍ਰਿਫਤਾਰ ਕਰਕੇ ਉਨ੍ਹਾਂ ਵਿਰੁੱਧ ਸਬੰਧਤ ਅਦਾਲਤ ਵਿੱਚ ਚਲਾਨ ਵੀ ਪੇਸ਼ ਕੀਤਾ ਜਾ ਚੁੱਕਾ ਹੈ।

ਉਨ੍ਹਾਂ ਇਹ ਵੀ ਦੱਸਿਆ ਕਿ ਮਿੱਲ ਦੇ ਡਾਇਰੈਕਟਰਾਂ/ਮਾਲਕਾਂ ਨੇ ਜੰਡਿਆਲਾ ਗੁਰੂ ਸਥਿਤ ਪੰਜਾਬ ਨੈਸ਼ਨਲ ਬੈਂਕ ਨਾਲ ਵੀ ਕਥਿਤ ਤੌਰ ਤੇ 200 ਕਰੋੜ ਰੁਪਏ ਦੀ ਧੋਖਾਧੜੀ ਕੀਤੀ ਸੀ। ਇਸ ਮਾਮਲੇ ਦੀ ਜਾਂਚ 24.04.2018 ਨੂੰ ਪੰਜਾਬ ਵਿਜੀਲੈਂਸ ਬਿਊਰੋ ਨੂੰ ਸੌਂਪੀ ਗਈ ਸੀ। ਮੌਜੂਦਾ ਸਮੇਂ ਵਿਜੀਲੈਂਸ ਬਿਊਰੋ ਦੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਮੋਹਾਲੀ ਵਿੱਚ ਆਰਥਿਕ ਅਪਰਾਧ ਵਿੰਗ (ਈ.ਓ.ਡਬਲਯੂ.) ਦੇ ਵਧੀਕ ਇੰਸਪੈਕਟਰ ਜਨਰਲ (ਏ.ਆਈ.ਜੀ.) ਦੀ ਨਿਗਰਾਨੀ ਹੇਠ ਅਗਲੇਰੀ ਜਾਂਚ ਜਾਰੀ ਹੈ।

ਜ਼ਿਕਰਯੋਗ ਹੈ ਕਿ ਸਮਰੱਥ ਅਦਾਲਤ ਵੱਲੋਂ ਗੁਲਸ਼ਨ ਜੈਨ ਸਮੇਤ ਪੰਜ ਮੁਲਜ਼ਮਾਂ ਨੂੰ ਸਾਲ 2019 ਵਿੱਚ ਭਗੌੜਾ ਕਰਾਰ ਦਿੱਤਾ ਗਿਆ ਸੀ। ਮਿਤੀ 03.07.2024 ਨੂੰ ਆਪਣੀ ਘੋਸ਼ਣਾ ਅਤੇ ਲੁੱਕ ਆਊਟ ਸਰਕੂਲਰ (*®3) ਨੂੰ ਇੱਕ ਪਾਸੇ ਰੱਖਦਿਆਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਗੁਲਸ਼ਨ ਜੈਨ ਨੂੰ 30.09.2024 ਜਾਂ ਇਸ ਤੋਂ ਪਹਿਲਾਂ ਸਬੰਧਤ ਅਦਾਲਤ ਵਿੱਚ ਸਮਰਪਣ ਕਰਨ ਦਾ ਹੁਕਮ ਦਿੱਤਾ ਸੀ। ਉਨ੍ਹਾਂ ਕਿਹਾ ਕਿ ਹਾਈ ਕੋਰਟ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਏ.ਆਈ.ਜੀ., ਈ.ਓ.ਡਬਲਯੂ., ਪੰਜਾਬ ਦੇ ਦਫ਼ਤਰ ਨੇ ਇਸ ਮਾਮਲੇ ਸਬੰਧੀ ਡਾਇਰੈਕਟਰ ਬਿਊਰੋ ਆਫ਼ ਇਮੀਗ੍ਰੇਸ਼ਨ ਨੂੰ ਸੂਚਿਤ ਕੀਤਾ ਗਿਆ ਹੈ।



ਦੱਸਣਯੋਗ ਹੈ ਕਿ ਸੀ.ਬੀ.ਆਈ. ਨੇ ਇੰਦਰਾ ਗਾਂਧੀ ਅੰਤਰਰਾਸ਼ਟਰੀ (ਆਈਜੀਆਈ) ਹਵਾਈ ਅੱਡੇ, ਨਵੀਂ ਦਿੱਲੀ ਤੋਂ ਗੁਲਸ਼ਨ ਜੈਨ ਨੂੰ ਏਜੰਸੀ ਵੱਲੋਂ ਦਰਜ ਹੋਰ ਕੇਸਾਂ ਦੇ ਸਬੰਧ ਗ੍ਰਿਫਤਾਰ ਕੀਤਾ ਸੀ। ਬੁਲਾਰੇ ਨੇ ਦੱਸਿਆ ਕਿ ਵਿਜੀਲੈਂਸ ਬਿਊਰੋ (ਵੀ.ਬੀ.) ਨੇ ਉਸ ਦਾ ਪ੍ਰੋਡਕਸ਼ਨ ਵਾਰੰਟ ਹਾਸਲ ਕਰਨ ਤੋਂ ਬਾਅਦ ਵੀਰਵਾਰ ਨੂੰ ਉਕਤ ਮਾਮਲੇ ਵਿੱਚ ਉਸ ਨੂੰ ਗ੍ਰਿਫਤਾਰ ਕੀਤਾ ਹੈ। ਬੁਲਾਰੇ ਨੇ ਦੱਸਿਆ ਕਿ ਅਦਾਲਤ ਨੇ ਮੁਲਜ਼ਮ ਦਾ 5 ਦਿਨ ਦਾ ਪੁਲੀਸ ਰਿਮਾਂਡ ਦਿੱਤਾ ਹੈ।

## ਬਾਲ ਮਜ਼ਦੂਰੀ ਵਿਰੁੱਧ ਸ਼ਹਿਰ ਵਿੱਚ ਚਲਾਈ ਚੈਕਿੰਗ ਮੁਹਿੰਮ

ਬਰਨਾਲਾ, (ਲੋਕ ਬਾਣੀ) ਸਥਾਨਕ ਸ਼ਹਿਰ ਵਿੱਚ ਅੱਜ ਬਾਲ ਮਜ਼ਦੂਰੀ ਵਿਰੋਧੀ ਮੁਹਿੰਮ ਤਹਿਤ ਵੱਖ ਵੱਖ ਦੁਕਾਨਾਂ, ਹੋਟਲਾਂ, ਢਾਬਿਆਂ ਤੇ ਹੋਰ ਥਾਵਾਂ ਤੇ ਜ਼ਿਲ੍ਹਾ ਟਾਸਕ ਫੋਰਸ ਬਰਨਾਲਾ ਵਲੋਂ ਅਚਨਚੇਤ ਚੈਕਿੰਗ ਕੀਤੀ ਗਈ।

ਲੇਬਰ ਇੰਸਪੈਕਟਰ ਮੈਡਮ ਹਰਪ੍ਰੀਤ ਕੌਰ ਦੀ ਅਗਵਾਈ ਹੇਠ ਕੀਤੀ ਇਸ ਚੈਕਿੰਗ ਦੌਰਾਨ ਕੋਈ ਵੀ ਬਾਲ ਮਜ਼ਦੂਰੀ ਦਾ ਮਾਮਲਾ ਸਾਹਮਣੇ ਨਹੀਂ ਆਇਆ। ਉਨ੍ਹਾਂ ਸ਼ਹਿਰ ਦੇ ਨਾਗਰਿਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਬਾਲ ਉਮਰ ਦੇ ਬੱਚਿਆਂ ਨੂੰ ਕੰਮ ਕਰਵਾਉਣ ਦੀ ਥਾਂ ਉਨ੍ਹਾਂ ਪੜਨ ਲਿਖਣ ਦਾ ਮੌਕਾ ਦਿੱਤਾ ਜਾਵੇ ਤਾਂ ਜੋ ਉਹ ਆਪਣੀ ਜ਼ਿੰਦਗੀ ਵਿੱਚ ਤਰੱਕੀ ਕਰਨ ਅਤੇ ਆਪਣੇ ਜ਼ਿੰਦਗੀ ਦੇ ਅਨਮੋਲ ਸਮੇਂ ਨੂੰ ਸਹੀ ਦਿਸ਼ਾ ਵਿੱਚ ਲਗਾ ਸਕਣ।

ਇਸ ਮੌਕੇ ਸਿਹਤ ਵਿਭਾਗ, ਸੰਤੋਖ ਸਿੰਘ, ਵਿਨੋਦ ਕੁਮਾਰ ਪੁਲਿਸ ਵਿਭਾਗ, ਗੁਰਜੀਤ ਕੌਰ, ਲੱਖਾ ਸਿੰਘ, ਰੁਪਿੰਦਰ ਬਾਲ ਸੁਰੱਖਿਆ ਵਿਭਾਗ, ਬਲਵਿੰਦਰ ਸਿੰਘ ਸੀ ਡਬਲਿਊ ਸੀ, ਨੀਰਜ ਸਿੱਖਿਆ ਵਿਭਾਗ ਮਨਪ੍ਰੀਤ ਸਿੰਘ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।

## ਸਰਕਾਰੀ ਕਾਲਜ, ਮਾਲੇਰਕੋਟਲਾ ਵਿਖੇ ਗ੍ਰਾਹਕ ਜਾਗਰੂਕਤਾ ਮੁਹਿੰਮ ਤਹਿਤ ਪੋਸਟਰ ਮੇਕਿੰਗ ਪ੍ਰਤੀਯੋਗਿਤਾ ਆਯੋਜਿਤ ਕਰਵਾਈ ਗਈ।

ਮਾਲੇਰਕੋਟਲਾ (ਲੋਕ ਬਾਣੀ): ਅੱਜ ਸਰਕਾਰੀ ਕਾਲਜ, ਮਾਲੇਰਕੋਟਲਾ ਵਿਖੇ ਪ੍ਰਿੰਸੀਪਲ ਡਾ ਬਲਵਿੰਦਰ ਸਿੰਘ ਵੜੈਚ ਜੀ ਦੀ ਯੋਗ ਅਗਵਾਈ ਵਿੱਚ ਸਟੈਂਡਰਡਜ਼ ਕਲੱਬ ਸਰਕਾਰੀ ਕਾਲਜ ਮਾਲੇਰਕੋਟਲਾ ਵਲੋਂ ਬਿਊਰੋ ਆਫ ਇੰਡੀਅਨ ਸਟੈਂਡਰਡਜ਼ ਦੁਆਰਾ ਸਪੌਂਸਰਡ ਸਟੈਂਡਰਡਜ਼ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ ਗਿਆ। ਇਸ ਮੌਕੇ ਪ੍ਰੋਗਰਾਮ ਦੇ ਕਨਵੀਨਰ ਅਸਿਸਟੈਂਟ ਪ੍ਰੋ ਡਾ ਉਜ਼ਮਾ ਅਜ਼ੀਮ ਨੇ ਪ੍ਰਿੰਸੀਪਲ ਡਾ ਬਲਵਿੰਦਰ ਸਿੰਘ ਵੜੈਚ ਜੀ, ਸਮੂਹ ਹਾਜ਼ਰ ਸਟਾਫ ਅਤੇ ਵਿਦਿਆਰਥੀਆਂ ਦਾ ਸੁਆਗਤ ਕੀਤਾ। ਇਸ ਮੌਕੇ ਤੇ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਜੀਵਨ ਵਿਚ ਬੀ ਆਈ ਐਸ ਦੇ ਮਾਣਕ ਮੂਲ ਨੂੰ ਅਪਣਾਉਣ ਦੀ ਸੌਂਹ ਵੀ ਚੁੱਕੀ ਗਈ। ਇਸ ਪੋਸਟਰ ਮੇਕਿੰਗ ਮੁਕਾਬਲੇ ਵਿੱਚ 100 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ। ਸਾਰੇ ਜੇਤੂ ਵਿਦਿਆਰਥੀ ਮੈਡੀਕਲ ਸਾਇੰਸ ਵਿਸ਼ੇ ਦੇ ਰਹੇ। ਪਹਿਲੇ ਸਥਾਨ ਤੇ ਮਦੀਹਾ, ਦੂਜੇ ਤੇ ਆਲੀਆ (ਬੀ ਐੱਸ ਸੀ ਭਾਗ ਤੀਜਾ), ਤੀਜੇ ਤੇ ਤਸਲੀਮਾ ਅਤੇ ਚੌਥੇ ਸਥਾਨ ਤੇ ਹਦੀਆ (ਬੀ ਐੱਸ ਸੀ ਭਾਗ ਦੂਜਾ) ਰਹੇ। ਸਾਰੇ ਜੇਤੂ ਵਿਦਿਆਰਥੀਆਂ ਨੂੰ ਨਕਦ ਇਨਾਮ ਰਾਸ਼ੀ ਦਿੱਤੀ ਗਈ। ਇਸ ਮੁਕਾਬਲੇ ਵਿੱਚ ਵਧੀਆ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਵੀ ਸ਼ਲਾਘਾ ਵਜੋਂ ਇਨਾਮ ਦਿੱਤੇ ਗਏ। ਇਸ ਮੌਕੇ ਪ੍ਰਿੰਸੀਪਲ ਡਾ ਬਲਵਿੰਦਰ ਸਿੰਘ ਵੜੈਚ ਜੀ ਨੇ ਬਿਊਰੋ ਆਫ ਇੰਡੀਅਨ ਸਟੈਂਡਰਡਜ਼ ਅਤੇ ਕਾਲਜ ਵਲੋਂ ਨਿਯੁਕਤ ਕੀਤੇ ਇਸ ਪ੍ਰੋਗਰਾਮ ਦੇ ਕਨਵੀਨਰ ਅਸਿਸਟੈਂਟ ਪ੍ਰੋ ਡਾ ਉਜ਼ਮਾ ਅਜ਼ੀਮ ਦੀ ਸ਼ਲਾਘਾ ਕੀਤੀ। ਉਹਨਾਂ ਨੇ ਵਿਦਿਅਰਥੀਆਂ ਨਾਲ ਜੀਵਨ ਵਿੱਚ ਗ੍ਰਾਹਕ ਜਾਗਰੂਕਤਾ ਦੀ ਲੋੜ ਬਾਰੇ ਵੀ ਵਿਚਾਰ ਸਾਂਝੇ ਕੀਤੇ ਅਤੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਅਤੇ ਸ਼ੁਭ ਕਾਮਨਾਵਾਂ ਦਿੱਤੀਆਂ। ਸਾਇੰਸ ਬਲੌਕ ਦੇ ਇੰਚਾਰਜ ਅਤੇ ਕਾਲਜ ਵਲੋਂ ਬੀ ਆਈ ਐਸ ਸਟੈਂਡਰਡਜ਼ ਕਲੱਬ ਸਰਕਾਰੀ ਕਾਲਜ ਮਾਲੇਰਕੋਟਲਾ ਦੇ ਨੋਡਲ ਅਫ਼ਸਰ ਅਸਿਸਟੈਂਟ ਪ੍ਰੋ ਡਾ ਉਜ਼ਮਾ ਅਜ਼ੀਮ



ਨੇ ਸਮਾਰੋਹ ਦੇ ਅੰਤ ਵਿੱਚ ਪ੍ਰਿੰਸੀਪਲ ਡਾ ਬਲਵਿੰਦਰ ਸਿੰਘ ਵੜੈਚ, ਵਾਈਸ ਪ੍ਰਿੰਸੀਪਲ ਅਰਵਿੰਦ ਕੌਰ ਮੰਡ, ਅਸਿਸਟੈਂਟ ਪ੍ਰੋ ਕੁਲਦੀਪ ਸਿੰਘ, ਅਸਿਸਟੈਂਟ ਪ੍ਰੋ ਅਮਨਦੀਪ ਕੌਰ, ਅਸਿਸਟੈਂਟ ਪ੍ਰੋ ਗੁਰਵਿੰਦਰ ਕੌਰ, ਅਸਿਸਟੈਂਟ ਪ੍ਰੋ ਸ਼ਿਪਲਾ, ਅਸਿਸਟੈਂਟ ਪ੍ਰੋ ਪੂਨਮ ਸੈਣੀ, ਅਸਿਸਟੈਂਟ ਪ੍ਰੋ ਨਵਜੋਤ ਕੌਰ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਅਤੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

## ਝੋਨੇ ਦੀ ਢਿੱਲੀ ਖਰੀਦ ਵਿਰੁੱਧ ਐੱਸ.ਕੇ.ਐੱਮ ਦੇ ਕਿਸਾਨਾਂ ਵੱਲੋਂ ਪ੍ਰਦਰਸ਼ਨ, ਚੰਡੀਗੜ੍ਹ-ਅੰਬਾਲਾ ਨੈਸ਼ਨਲ ਹਾਈਵੇ ਤੇ ਵੱਡਾ ਟ੍ਰੈਫਿਕ ਜਾਮ

ਡੇਰਾਬੱਸੀ, (ਲੋਕ ਬਾਣੀ) ਝੋਨੇ ਦੀ ਧੀਮੀ ਖਰੀਦ ਅਤੇ ਮੰਡੀਆਂ ਚੋਂ ਲਿਫਟਿੰਗ ਨਾ ਹੋਣ ਤੋਂ ਨਾਰਾਜ਼, ਸੰਯੁਕਤ ਕਿਸਾਨ ਮੋਰਚਾ (ਐੱਸ.ਕੇ.ਐੱਮ) ਨੇ ਪੰਜਾਬ ਸਰਕਾਰ ਵਿਰੁੱਧ ਪ੍ਰਦਰਸ਼ਨ ਕੀਤਾ। ਇਹ ਰੋਸ ਪ੍ਰਦਰਸ਼ਨ ਮੁਹਾਲੀ ਜ਼ਿਲ੍ਹੇ ਦੇ ਆਈਟੀਆਈ ਚੌਕ ਲਾਲੜੂ ਚੰਡੀਗੜ੍ਹ-ਅੰਬਾਲਾ ਕੌਮੀ ਮਾਰਗ 'ਤੇ ਹੋਇਆ, ਜਿਸ ਕਾਰਨ ਸਵੇਰੇ 11 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ ਚਾਰ ਘੰਟੇ ਤੱਕ ਵੱਡਾ ਟ੍ਰੈਫਿਕ ਜਾਮ ਰਿਹਾ। ਹਾਲਾਂਕਿ ਐਮਰਜੈਂਸੀ ਵਾਹਨਾਂ ਨੂੰ ਲੰਘਣ ਦਿੱਤਾ ਗਿਆ ਪਰ ਵਾਹਨ ਚਾਲਕ, ਟਰੱਕ ਡਰਾਈਵਰ ਅਤੇ ਆਮ ਲੋਕ ਜਾਮ ਵਿੱਚ ਫਸੇ ਰਹੇ, ਜਿਸ ਕਾਰਨ ਭਾਰੀ ਪ੍ਰੇਸ਼ਾਨੀ ਹੋਈ। ਜਾਣਕਾਰੀ ਮੁਤਾਬਕ ਦੱਪਰ ਚ ਰਾਸ਼ਟਰੀ ਰਾਜ ਮਾਰਗ ਤੇ ਟੋਲ ਪਲਾਜ਼ਾ ਵੀ ਪ੍ਰਭਾਵਿਤ ਰਿਹਾ। ਡੇਰਾਬੱਸੀ ਖੇਤਰ ਚ ਕਈ ਪੁਆਇੰਟਾਂ 'ਤੇ ਧਰਨੇ ਕਾਰਨ ਸੈਂਕੜੇ ਰਾਹਗੀਰ ਲੰਬੇ ਟ੍ਰੈਫਿਕ ਜਾਮ 'ਚ ਫਸ ਗਏ ਹਾਲਾਂਕਿ ਪੁਲਿਸ ਵੱਲੋਂ ਟਰੈਫਿਕ ਨੂੰ ਡੇਰਾਬੱਸੀ ਤੋਂ ਬਰਵਾਲਾ ਵੱਲ ਮੋੜ ਦਿੱਤਾ ਗਿਆ ਜਿਸ ਕਾਰਨ ਜ਼ੀਰਕਪੁਰ ਦੇ ਮੈਕਡੋਨਲਡ ਲਾਈਟ ਪੁਆਇੰਟ ਤੱਕ ਵਾਹਨਾਂ ਦੀਆਂ ਲੰਬੀਆਂ ਕਤਾਰਾਂ ਲੱਗ ਗਈਆਂ। ਇਸ ਦੌਰਾਨ ਮੁਸਾਫਰਾਂ ਅਤੇ ਕਿਸਾਨਾਂ ਵਿਚਕਾਰ ਜ਼ੁਬਾਨੀ ਜ਼ੁਬਾਨੀ ਝੜਪਾਂ ਹੋਈਆਂ, ਝੜਪਾਂ ਨੂੰ ਰੋਕਣ ਲਈ ਮੌਕੇ ਤੇ ਪੁਲਿਸ ਰਹੀ। ਐੱਸ.ਕੇ.ਐੱਮ ਤਹਿਤ 40 ਤੋਂ ਵੱਧ ਕਿਸਾਨ ਜਥੇਬੰਦੀਆਂ ਨੇ ਵਿਸ਼ੇਸ਼ ਤੌਰ ਡੇਰਾਬੱਸੀ ਹਲਕੇ ਦੀਆਂ ਲਾਲੜੂ, ਧਨੌਨੀ ਅਤੇ ਜ਼ੀਰਕਪੁਰ ਦੀਆਂ ਮੰਡੀਆਂ ਵਿੱਚ ਝੋਨੇ ਦੀ ਹੌਲੀ ਖਰੀਦ ਅਤੇ ਚੁਕਾਈ ਨਾ ਹੋਣਾ ਕਿਸਾਨਾਂ ਲਈ ਵੱਡੀ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਕਿਸਾਨਾਂ ਨੇ ਕਿਹਾ ਕਿ ਜਦੋਂ ਤੱਕ ਉਨ੍ਹਾਂ ਦੀਆਂ ਮੰਗਾਂ ਸਰਕਾਰ ਵੱਲੋਂ ਪੂਰੀਆਂ ਨਹੀਂ ਕੀਤੀਆਂ ਜਾਂਦੀਆਂ ਉਦੋਂ ਤੱਕ ਉਹ ਧਰਨੇ ਪ੍ਰਦਰਸ਼ਨ ਜਾਰੀ ਰੱਖਣਗੇ। ਕਿਸਾਨਾਂ ਨੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਪੰਜਾਬ ਦੇ ਕਿਸਾਨਾਂ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਤੁਰੰਤ ਕਾਰਵਾਈ ਕੀਤੀ ਜਾਵੇ ਅਤੇ ਉਨ੍ਹਾਂ ਦਾ ਨਿਰਪੱਖ ਅਤੇ ਜਾਇਜ਼ ਹੱਲ ਕੀਤਾ ਜਾਵੇ। ਐਸ.ਕੇ.ਐਮ ਦੇ ਧਰਨੇ ਨੇ ਇੱਕ ਵਾਰ ਫਿਰ ਪੰਜਾਬ ਵਿੱਚ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਸੰਘਰਸ਼ਾਂ ਅਤੇ ਸਰਕਾਰ ਨੂੰ ਕਾਰਵਾਈ ਕਰਨ ਦੀ ਫੌਰੀ ਲੋੜ ਵੱਲ ਧਿਆਨ ਦਿਵਾਇਆ ਹੈ। ਮੰਡੀਆਂ ਵਿੱਚ ਝੋਨੇ ਦੀ ਸੁਸਤ ਖਰੀਦ ਅਤੇ ਚੁਕਾਈ ਨੇ ਨਾ ਸਿਰਫ਼ ਕਿਸਾਨਾਂ ਦੀ ਰੋਜ਼ੀ-ਰੋਟੀ ਨੂੰ ਪ੍ਰਭਾਵਿਤ ਕੀਤਾ ਹੈ ਸਗੋਂ ਆਮ ਲੋਕਾਂ ਲਈ ਵੀ ਵੱਡੀ ਅਸੁਵਿਧਾ ਪੈਦਾ ਕੀਤੀ ਹੈ। ਸੰਯੁਕਤ ਕਿਸਾਨ ਮੋਰਚੇ ਦਾ ਵਿਰੋਧ ਕਿਸਾਨਾਂ ਦੀਆਂ ਲੋੜਾਂ ਨੂੰ ਤਰਜੀਹ ਦੇਣ ਅਤੇ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਦੂਰ ਕਰਨ ਲਈ ਲੋੜੀਂਦੇ



ਕਦਮ ਚੁੱਕਣ ਲਈ ਸਰਕਾਰ ਨੂੰ ਯਾਦ ਦਿਵਾਉਂਦਾ ਹੈ। ਧਰਨੇ ਕਾਰਨ ਨੈਸ਼ਨਲ ਹਾਈਵੇਅ 'ਤੇ ਵਾਹਨਾਂ ਦੀਆਂ ਲੰਬੀਆਂ ਕਤਾਰਾਂ ਲੱਗ ਗਈਆਂ, ਜਿਸ ਕਾਰਨ ਆਮ ਲੋਕ ਘੰਟਿਆਂਬੱਧੀ ਜਾਮ 'ਚ ਫਸੇ ਰਹੇ। ਐਸਕੇਐਮ ਨੇ ਕਿਹਾ ਹੈ ਕਿ ਜਦੋਂ ਤੱਕ ਉਨ੍ਹਾਂ ਦੀਆਂ ਮੰਗਾਂ ਸਰਕਾਰ ਵੱਲੋਂ ਪੂਰੀਆਂ ਨਹੀਂ ਕੀਤੀਆਂ ਜਾਂਦੀਆਂ, ਉਦੋਂ ਤੱਕ ਉਹ ਧਰਨੇ ਪ੍ਰਦਰਸ਼ ਜਾਰੀ ਰੱਖਣਗੇ।

# ਕਿਸਾਨ ਆਗੂ ਬਲਬੀਰ ਰਾਜੇਵਾਲ ਨੇ ਪ੍ਰਧਾਨ ਮੰਤਰੀ ਨੂੰ ਦਿੱਤੀ ਚਿਤਾਵਨੀ

ਸ੍ਰੀ ਮਾਛੀਵਾੜਾ ਸਾਹਿਬ, (ਲੋਕ ਬਾਣੀ) – ਸੰਯੁਕਤ ਕਿਸਾਨ ਮੋਰਚਾ ਵਲੋਂ ਮੰਡੀਆਂ ਵਿਚ ਝੋਨੇ ਦੀ ਖਰੀਦ ਸੁਚਾਰੂ ਢੰਗ ਨਾਲ ਨਾ ਹੋਣ ਕਾਰਨ ਅੱਜ ਸੜਕਾਂ ’ਤੇ ਚੱਕਾ ਜਾਮ ਕਰ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਰੋਸ ਪ੍ਰਦਰਸ਼ਨ ਵਿਚ ਵਿਸ਼ੇਸ਼ ਤੌਰ ’ਤੇ ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਪੁੱਜੇ ਜਿਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਿਤਾਵਨੀ ਦਿੱਤੀ ਕਿ ਉਹ ਸੂਬੇ ਦੇ ਕਿਸਾਨਾਂ ਨੂੰ ਪ੍ਰੇਸ਼ਾਨ ਕਰਨਾ ਬੰਦ ਕਰ ਦੇਣ ਨਹੀਂ ਤਾਂ ਜੋ ਕਿਸਾਨ ਦੇਸ਼ ਦਾ ਅੰਨਦਾਤਾ ਬਣ ਸਕਦਾ ਹੈ ਉਹ ਅੰਨ ਦਾ ਸੰਕਟ ਵੀ ਖੜ੍ਹਾ ਕਰ ਸਕਦਾ ਹੈ। ਰਾਜੇਵਾਲ ਨੇ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਦੇ ਕਿਸਾਨਾਂ ਨਾਲ ਅੰਦੋਲਨ ਦੀ ਕਿੜ ਕੱਢ ਰਹੀ ਹੈ ਅਤੇ ਅੱਜ ਜੋ ਵੀ ਝੋਨੇ ਦੀ ਖਰੀਦ ਸਬੰਧੀ ਸਮੱਸਿਆਵਾਂ ਹਨ ਉਸਦਾ ਕੋਈ ਵੀ ਹੱਲ ਨਹੀਂ ਹੋ ਰਿਹਾ। ਉਨ੍ਹਾਂ ਕਿਹਾ ਕਿ ਅੱਜ ਕਿਸਾਨ, ਆੜ੍ਹਤੀ, ਸ਼ੈਲਰ ਮਾਲਕ, ਮਜ਼ਦੂਰ ਪਿਛਲੇ 25 ਦਿਨਾਂ ਤੋਂ ਲਗਾਤਾਰ ਮੰਡੀਆਂ ਵਿਚ ਪ੍ਰੇਸ਼ਾਨ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਝੋਨਾ ਨਾ ਵਿਕਣ ਕਾਰਨ ਪੰਜਾਬ ਦੀ ਆਰਥਿਕਤਾ ਨੂੰ ਵੀ ਵੱਡੀ ਢਾਹ ਲੱਗ ਰਹੀ ਹੈ। ਰਾਜੇਵਾਲ ਨੇ ਕਿਹਾ ਕਿ ਕਿਸਾਨ ਯੂਨੀਅਨਾਂ ਲਗਾਤਾਰ ਝੋਨੇ ਦੀ ਖਰੀਦ ਸਬੰਧੀ ਜੋ ਮੰਗਾਂ ਹਨ ਉਨ੍ਹਾਂ ਨੂੰ ਮੰਨਵਾਉਣ ਲਈ ਯਤਨਸ਼ੀਲ ਹੈ ਪਰ ਕੇਂਦਰ ਤੇ ਪੰਜਾਬ ਸਰਕਾਰ ਵਲੋਂ ਕੇਵਲ ਲਾਰੇ ਹੀ ਲਗਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਅੱਜ ਵੱਡੇ ਸੰਘਰਸ਼ ਦੇ ਬਾਵਜੂਦ ਵੀ ਮੰਗਾਂ ਨਾ ਮੰਨੀਆਂ ਤਾਂ ਪੰਜਾਬ ਬਰਬਾਦੀ ਵੱਲ ਤੁਰ ਪਵੇਗਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਪਿਛਲੇ ਸਾਲ ਦਾ ਗੁਦਾਮਾਂ ਵਿਚ ਪਿਆ ਅਨਾਜ ਨਹੀਂ ਚੁਕਵਾਇਆ ਅਤੇ ਪੰਜਾਬ ਸਰਕਾਰ ਨੇ ਇਸ ਪ੍ਰਤੀ ਵੀ ਕੋਈ ਗੰਭੀਰਤਾ ਨਹੀਂ ਦਿਖਾਈ ਜਿਸ ਕਾਰਨ ਅੱਜ ਝੋਨੇ ਦੀ ਖਰੀਦ ’ਤੇ ਵੱਡੀ ਪ੍ਰੇਸ਼ਾਨੀ ਬਣੀ ਹੋਈ ਹੈ।



# ਫੂਡ ਸੇਫਟੀ ਵੈਨ ਵੱਲੋਂ ਖਾਣ ਵਾਲੇ ਪਦਾਰਥਾਂ ਦੀ ਮੌਕੇ ਤੇ ਹੋਵੇਗੀ ਜਾਂਚ: ਸਿਵਲ ਸਰਜਨ

ਬਰਨਾਲਾ, (ਲੋਕ ਬਾਣੀ))ਮਿਸ਼ਨ ਸਿਹਤਮੰਦ ਪੰਜਾਬ ਤਹਿਤ ਲੋਕਾਂ ਨੂੰ ਮਿਆਰੀ ਤੇ ਸ਼ੁੱਧ ਖਾਧ ਪਦਾਰਥਾਂ ਉਪਲਬਧ ਕਰਾਉਣ ਲਈ ਕਮਿਸ਼ਨਰ ਫੂਡ ਸੇਫ਼ਟੀ ਪੰਜਾਬ ਅਤੇ ਡਿਪਟੀ ਕਮਿਸ਼ਨਰ ਬਰਨਾਲਾ ਪੂਨਮਦੀਪ ਕੌਰ ਆਈ ਏ ਐਸ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿਹਤ ਵਿਭਾਗ ਬਰਨਾਲਾ ਦੀ ਫੂਡ ਸੇਫ਼ਟੀ ਵੈਨ ਵੱਲੋਂ ਜ਼ਿਲ੍ਹਾ ਬਰਨਾਲਾ ਦੇ ਪਿੰਡਾਂ ਤੇ ਸ਼ਹਿਰਾਂ ਚ ਜਾ ਕੇ ਖਾਣ ਵਾਲੇ ਪਦਾਰਥਾਂ ਦੀ ਜਾਂਚ ਕਰਕੇ ਮੌਕੇ ਤੇ ਰਿਪੋਰਟ ਦਿੱਤੀ ਜਾਵੇਗੀ। ਇਨ੍ਹਾਂ ਸਬਦਾਂ ਦਾ ਪ੍ਰਗਟਾਵਾ ਸਿਵਲ ਸਰਜਨ ਬਰਨਾਲਾ ਡਾ. ਤਪਿੰਦਰਜੋਤ ਕੌਸ਼ਲ ਵੱਲੋਂ ਕੀਤਾ ਗਿਆ।



ਜ਼ਿਲ੍ਹਾ ਸਿਹਤ ਅਫ਼ਸਰ ਡਾ. ਜਸਪ੍ਰੀਤ ਸਿੰਘ ਗਿੱਲ ਨੇ ਦੱਸਿਆ ਕਿ ਇਸ ਵੈਨ ਵੱਲੋਂ ਦੁੱਧ, ਦਹੀਂ, ਪਨੀਰ, ਖੋਆ , ਕਰੀਮ, ਹਲਦੀ ਮਿਰਚ, ਸਰ੍ਹੋਂ ਤੇਲ, ਦੇਸੀ ਘਿਓ, ਪਾਣੀ, ਗੁਲਾਬ ਜਾਮੁਣ ਆਦਿ ਖਾਣ ਵਾਲੇ ਪਦਾਰਥਾਂ ਦੀ ਜਾਂਚ ਕਰਕੇ ਮੌਕੇ ਤੇ ਹੀ ਰਿਪੋਰਟ ਦਿੱਤੀ ਜਾਂਦੀ ਹੈ। ਜੇਕਰ ਕਿਸੇ ਵੀ ਕਰਿਆਨਾ ਦੁਕਾਨਦਾਰ,ਹਲਵਾਈ, ਢਾਬਾ ਅਤੇ ਹੋਟਲ ਜਾਂ ਆਮ ਵਿਆਕਤੀ ਨੂੰ ਖਾਣ ਵਾਲੇ ਕਿਸੇ ਪਦਾਰਥ ਚ ਮਿਲਾਵਟ ਦਾ ਸ਼ੱਕ ਹੋਵੇ ਤਾਂ ਉਹ 50 ਰੁਪਏ ਪ੍ਰਤੀ ਸੈਂਪਲ ਚੈੱਕ ਕਰਵਾ ਸਕਦਾ ਹੈ।

ਫੂਡ ਸੇਫ਼ਟੀ ਅਫ਼ਸਰ ਸੀਮਾ ਰਾਣੀ ਨੇ ਦੱਸਿਆ ਕਿ ਆਮ ਲੋਕ ਅਤੇ ਦੁਕਾਨਦਾਰ ਮਿਆਰੀ ਤੇ ਸ਼ੁੱਧ ਖਾਣ ਵਾਲੇ ਪਦਾਰਥਾਂ ਲਈ ਉਨ੍ਹਾਂ ਕੋਲ ਸਪਲਾਈ ਹੋ ਰਹੇ ਪਦਾਰਥਾਂ ਦੀ ਸ਼ੁੱਧਤਾ ਦੀ ਜਾਂਚ ਕਰਾਉਣ। ਜੇਕਰ ਕਿਸੇ ਖਾਧ ਪਦਾਰਥ ਚ ਮਿਲਾਵਟ ਪਾਈ ਜਾਂਦੀ ਹੈ ਤਾਂ ਕਾਰਵਾਈ ਲਈ ਜ਼ਿਲ੍ਹਾ ਸਿਹਤ ਅਫ਼ਸਰ ਦਫਤਰ ਸਿਵਲ ਸਰਜਨ ਬਰਨਾਲਾ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਜ਼ਿਲ੍ਹਾ ਮਾਸ ਮੀਡੀਆ ਤੇ ਸੂਚਨਾ ਅਫ਼ਸਰ ਕੁਲਦੀਪ ਸਿੰਘ ਮਾਨ ਨੇ ਦੱਸਿਆ ਕਿ ਇਸ ਵੈਨ ਵੱਲੋਂ ਸੈਂਪਲਿੰਗ ਦੀ ਜਾਂਚ ਦੇ ਨਾਲ-ਨਾਲ ਸਕੂਲਾਂ ਅਤੇ ਸੱਥਾਂ ਚ ਜਾ ਕੇ ਮਿਲਾਵਟ ਨੂੰ ਰੋਕਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਇਹ ਵੈਨ 30 ਅਕਤੂਬਰ ਤੱਕ ਜ਼ਿਲ੍ਹਾ ਬਰਨਾਲਾ ਚ ਰਹੇਗੀ। ਇਸ ਸਮੇਂ ਗੁਰਦੀਪ ਸਿੰਘ ਲੈਬਾਰਟਰੀ ਟੈਕਨੀਸ਼ੀਅਨ, ਸੁਖਦੀਪ ਸਿੰਘ ਡਰਾਈਵਰ ਹਾਜ਼ਰ ਸਨ।

# ਸਰਪੰਚ ਗੁਰਪ੍ਰੀਤ ਸਿੰਘ ਲਾਲੀ ਸਮਸਪੁਰ ਨੇ ਸ਼ੁਕਰਾਨੇ ਵਜੋਂ ਕਰਾਇਆ ਅਖੰਡ ਪਾਠ -ਦਿਆਲਪੁਰਾ ਨੇ ਕੀਤੀ ਸ਼ਿਰਕਤ

ਸ੍ਰੀ ਮਾਛੀਵਾੜਾ ਸਾਹਿਬ- (ਲੋਕ ਬਾਣੀ) ਬਲਾਕ ਮਾਛੀਵਾੜਾ ਦੇ ਪਿੰਡ ਸਮਸਪੁਰ ਜੀਵਨਪੁਰ ਵਿੱਚ ਪੰਚਾਇਤੀ ਚੋਣਾਂ ਦੌਰਾਨ ਗੁਰਪ੍ਰੀਤ ਸਿੰਘ ਲਾਲੀ ਨੂੰ ਪਿੰਡ ਵਾਸੀਆਂ ਭਾਰੀ ਬਹੁਮਤ ਨਾਲ ਜਿਤਾ ਕੇ ਸਰਪੰਚ ਚੁਣਿਆ। ਸਰਪੰਚ ਗੁਰਪ੍ਰੀਤ ਸਿੰਘ ਲਾਲੀ ਪਰਿਵਾਰ ਵੱਲੋਂ ਪਰਮਾਤਮਾ ਦਾ ਓਟ ਆਸਰਾ ਲੈਂਦਿਆਂ ਹੋਇਆ ਸ਼ੁਕਰਾਨੇ ਵਜੋਂ ਸ਼੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾ ਬੀਤੇ ਕੱਲ੍ਹ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ , ਜਿਸ ਵਿੱਚ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਉਚੇਚੇ ਤੌਰ ਤੇ ਸ਼ਿਰਕਤ ਕਰਦਿਆਂ ਸਮੁੱਚੇ ਪਰਿਵਾਰ ਨੂੰ ਮੁਬਾਰਕਬਾਦ ਦਿੰਦਿਆਂ ਪਿੰਡ ਵਾਸੀਆਂ ਨੂੰ ਵੀ ਇਸ ਗੱਲ ਤੇ ਵਧਾਈ ਦਿੱਤੀ ਕਿ ਉਹਨਾਂ ਨੌਜਵਾਨ ਆਗੂ ਗੁਰਪ੍ਰੀਤ ਸਿੰਘ ਲਾਲੀ ਨੂੰ ਪਿੰਡ ਦੀ ਕਮਾਂਡ ਸੰਭਾਲੀ ਹੈ। ਵਿਧਾਇਕ ਨੇ ਕਿਹਾ ਕਿ ਪਿੰਡ ਵਿੱਚ ਹੋਣ ਵਾਲੇ ਵਿਕਾਸ ਕਾਰਜਾਂ ਲਈ ਸਮੁੱਚੀ ਪੰਚਾਇਤ ਨੂੰ ਸਰਕਾਰ ਵੱਲੋਂ ਪੂਰਾ ਸਹਿਯੋਗ ਕਰਦਿਆਂ ਇੱਕ ਤੋਂ ਬਾਅਦ ਇੱਕ ਗਰਾਂਟ ਲਗਾਤਾਰ ਦਿੱਤੀਆਂ ਜਾਣਗੀਆਂ ਤਾਂ ਜੋ ਪਿਛਲੇ ਸਮਿਆਂ ਦੌਰਾਨ ਜੋ ਪਿੰਡ ਦਾ ਵਿਕਾਸ ਨਹੀਂ ਹੋਇਆ ਉਹ ਹੋ ਸਕੇ। ਉਹਨਾਂ ਨਵ ਨਿਯੁਕਤ ਸਰਪੰਚ ਗੁਰਪ੍ਰੀਤ ਸਿੰਘ ਲਾਲੀ ਸਮੇਤ ਸਮੁੱਚੀ ਪੰਚਾਇਤ ਨੂੰ ਥਾਪੜਾ ਦਿੰਨੇ ਆ ਕਿਹਾ ਕਿ ਉਹ ਪਿੰਡ ਦੇ ਵਿਕਾਸ ਕਾਰਜਾਂ ਦੀ ਇੱਕ ਲਿਸਟ ਬਣਾ ਲੈਣ ਤਾਂ ਜੋ ਸੌਂ ਚੁੱਕ ਸਮਾਗਮ ਤੋਂ ਬਾਅਦ ਪਿੰਡ ਵਿੱਚ ਵਿਕਾਸ ਕਾਰਜਾਂ ਨੂੰ ਤੁਰੰਤ ਸ਼ੁਰੂ ਕੀਤਾ ਜਾ ਸਕੇ । ਪਿੰਡ ਦੇ ਸਰਪੰਚ ਗੁਰਪ੍ਰੀਤ ਸਿੰਘ ਲਾਲੀ ਨੇ ਪਰਮਾਤਮਾ ਦਾ ਕੋਟਿਨ ਕੋਟਿ ਧੰਨਵਾਦ ਕਰਦਿਆਂ ਕਿਹਾ ਕਿ ਸਮੁੱਚੇ ਪਿੰਡ ਦੇ ਸਹਿਯੋਗ ਨਾਲ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਪਿੰਡ ਵਾਸੀਆਂ ਨੇ ਉਸਨੂੰ ਜੋ ਅਹਿਮ ਜਿੰਮੇਦਾਰੀ ਦਿੱਤੀ ਹੈ ਉਸ ਲਈ ਪਿੰਡ ਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ ਅਤੇ ਵਾਅਦਾ ਕਰਦੇ ਹਨ ਕਿ ਪਿੰਡ ਵਿੱਚ ਬਿਨਾਂ ਕਿਸੇ ਭੇਦਭਾਵ ਤੋਂ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਦੀ ਅਗਵਾਈ ਵਿੱਚ ਵਿਕਾਸ ਕਾਰਜ ਅਰੰਭੇ ਜਾਣਗੇ ਅਤੇ ਆਉਣ ਵਾਲੇ ਸਮੇਂ ਵਿੱਚ ਪਿੰਡ ਸਮਸ਼ਪੁਰ ਅਤੇ ਜੀਵਨਪੁਰ ਦੀ ਸੁੰਦਰਤਾ ਅਤੇ ਸੋਹਣੀ ਦਿੱਖ ਦੇ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ। ਇਸ ਮੌਕੇ ਬਲਪ੍ਰੀਤ ਸਿੰਘ ਢਿੱਲੋ ਸਰਪੰਚ ਸ਼ਾਮਗੜ੍ਹ ,,ਸਾਬਕਾ ਸਰਪੰਚ ਸ਼ੇਰ ਸਿੰਘ, ਬਲਦੇਵ ਸਿੰਘ, ਸੋਨੀ ਗਰੇਵਾਲ ,ਇੰਦਰਜੀਤ ਅਰੋੜਾ ਚੱਕੀ, ਜਗਜੀਤ ਸਿੰਘ, ਮਾਸਟਰ ਪ੍ਰੀਤ ਸਿੰਘ ,ਕੁਲਵਿੰਦਰ ਸਿੰਘ ,ਸ਼ੀਤਲ ਸਿੰਘ (ਸੀਤਲਪੁਰੀ ਖੇਤੀ ਸੇਵਾ ਸੈਂਟਰ ਝੜੌਦੀ)ਮੈਂਬਰ ਪਲਵਿੰਦਰ ਸਿੰਘ,ਪੰਚ ਰਜਿੰਦਰ ਸਿੰਘ, ਕਾਕਾ ਗਰੇਵਾਲ ,ਲਸ਼ਮਣ ਸਿੰਘ ,ਲਾਲ ਦਾਸ, ਹਰਵਿੰਦਰ ਸਿੰਘ



ਬੈਨੀਪਾਲ ,ਮਹਿੰਦਰ ਸਿੰਘ, ਅਰਜਣ ਦਾਸ, ਪ੍ਰੇਮ ਸਿੰਘ ,ਮਨਪ੍ਰੀਤ ਸਿੰਘ ਮਨੀ, ਦਲਵੀਰ ਸਿੰਘ ,ਹਰਪ੍ਰੀਤ ਸਿੰਘ ਹੈਪੀ, ਮਨਪ੍ਰੀਤ ਸਿੰਘ ਵੀ ਉਚੇਚੇ ਤੌਰ ਤੇ ਮੌਜੂਦ ਸਨ।







